ਅੱਜ ਦੀ ਆਵਾਜ਼

# ਪੰਜਾਬ 'ਚ ਜਲਦੀ ਹੀ ਸਟੇਟ ਸੀਨੀਅਰ ਸਿਟੀਜਨਜ਼ ਕੌਂਸਲ ਦੀ ਸਥਾਪਨਾ ਕੀਤੀ ਜਾਵੇਗੀ-ਬਾਦਲ

ਚੰਡੀਗੜ੍ਹ, 30 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)– ਪੰਜਾਬ ਸਰਕਾਰ ਰਾਜ ਵਿੱਚ ਜਲਦੀ ਹੀ ਸਟੇਟ ਸੀਨੀਅਰ ਸਿਟੀਜਨਜ਼ ਕੌਂਸਲ ਦੀ ਸਥਾਪਨਾ ਕਰੇਗੀ ਤਾਂ ਜੋ ਸੀਨੀਅਰ ਸਿਟੀਜਨਜ਼ ਅਤੇ ਬਜ਼ੁਰਗਾਂ ਦੇ ਹੱਕਾਂ ਦੀ ਰਾਖੀ, ਉਨ੍ਹਾਂ ਦੀ ਸੁੱਰਖਿਆ ਨੂੰ ਯਕੀਨੀ ਬਣਾਇਆ ਜਾਵੇ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾ ਸਕੇ ਤਾਂ ਜੋ ਉਹ ਸਮਾਜ ਵਿੱਚ ਸਵੈ-ਮਾਣ ਨਾਲ ਜ਼ਿੰਦਗੀ ਬਸਰ ਕਰ ਸਕਣ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾਂ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਨੇ ਐਸ.ਏ.ਐਸ. ਨਗਰ ਵਿਖੇ ਫੈਡਰੇਸ਼ਨ ਆਫ ਸੀਨੀਅਰ ਸਿਟੀਜ਼ਨਜ਼ ਐਸੋਸੀਏਸ਼ਨ (ਫੈਡਸਨ)–ਪੰਜਾਬ ਦੀ ਸਥਾਪਨਾ ਕਰਨ ਦੀ ਰਸਮ ਅਦਾ ਕਰਨ ਸਮੇਂ ਸੀਨੀਅਰ ਸਿਟੀਜ਼ਨਜ਼ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆ ਕੀਤਾ। ਉਨ੍ਹਾਂ ਕਿਹਾ ਕਿ ਕੌਂਸਲ ਰਾਜ ਸਰਕਾਰ ਨੂੰ ਸੀਨੀਅਰ ਸਿਟੀਜਨਜ਼ ਦੀਆਂ ਭਲਾਈ ਸਕੀਮਾਂ ਸੰਬੰਧੀ ਵਿਆਪਕ ਨੀਤੀਆਂ ਤਿਆਰ ਕਰਨ ਸੰਬੰਧੀ ਮਦਦ ਕਰੇਗੀ। ਸ੍ਰ: ਬਾਦਲ ਨੇ ਇਸ ਮੌਕੇ ਕਿਹਾ ਕਿ ਪੰਜਾਬ ਸਰਕਾਰ ਸੀਨੀਅਰ ਸਿਟੀਜਨਜ਼ ਅਤੇ ਬਜ਼ੁਰਗਾਂ ਦੀ ਸੁੱਰਖਿਆ ਨੂੰ ਯਕੀਨੀ ਬਣਾਉਣ ਅਤੇ ਸੁੱਰਖਿਆ ਸਬੰਧੀ ਬਜ਼ੁਰਗਾਂ ਦੀ ਸ਼ਿਕਾਇਤਾਂ ਦੇ ਨਿਪਟਾਰੇ ਲਈ ਰਾਜ ਵਿੱਚ ਇੰਸਪੈਕਟਰ ਜਨਰਲ (ਆਈ.ਜੀ.) ਪੱਧਰ ਦਾ ਨੋਡਲ ਅਫਸਰ ਨਿਯੁਕਤ ਕਰੇਗੀ ਅਤੇ ਡਿਪਟੀ ਇੰਸਪੈਕਟਰ ਜਨਰਲ ਆਪਣੀਆਂ-ਆਪਣੀਆਂ ਰੇਜਾਂ ਵਿੱਚ ਜ਼ਿਲ੍ਹਾ ਪੱਧਰ ਤੇ ਐਸ.ਪੀ. ਪੱਧਰ ਦਾ ਨੋਡਲ ਅਫਸਰ ਲਗਾਉਣਗੇ ਤਾਂ ਜੋ ਬਜ਼ੁਰਗਾਂ ਦੀ ਸੁੱਰਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਰਾਜ ਵਿੱਚ ਬਜ਼ੁਰਗਾਂ ਦੀ ਭਲਾਈ ਲਈ ਸੀਨੀਅਰ ਸਿਟੀਜਨਜ਼ ਐਕਟ 2007 ਲਾਗੂ ਕੀਤਾ ਗਿਆ ਹੈ ਜਿਸ ਤਹਿਤ ਬਜ਼ੁਰਗਾਂ ਦੀ ਸਾਂਭ ਸੰਭਾਲ ਉਨ੍ਹਾਂ ਦੇ ਬੱਚਿਆਂ ਵੱਲੋ ਕੀਤੀ ਜਾਣੀ ਨੂੰ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਤਹਿਤ ਜਲਦੀ ਹੀ ਰੂਲ ਬਣਾ ਕੇ ਉਨ੍ਹਾਂ ਨੂੰ ਲਾਗੂ ਕਰ ਦਿੱਤਾ ਜਾਵੇਗਾ। ਉਨ੍ਹਾਂ ਐਲਾਨ ਕੀਤਾ ਕਿ ਸੀਨੀਅਰ ਸਿਟੀਜਨਜ਼ ਨੂੰ ਜ਼ਿਲ੍ਹਾ ਪੱਧਰ ਦੀਆਂ ਵਿਕਾਸ ਪ੍ਰੋਜੈਕਟਾਂ ਅਤੇ ਹੋਰ ਵੈਲਫੇਅਰ ਸਕੀਮਾਂ ਲਈ ਸਥਾਪਿਤ ਕੀਤੀਆਂ ਗਈਆਂ ਕਮੇਟੀਆਂ ਵਿੱਚ ਵੀ ਪ੍ਰਤੀਨਿਧਤਾ ਨੂੰ ਯਕੀਨੀ ਬਣਾਇਆ ਜਾਵੇਗਾ । ਸ੍ਰ: ਬਾਦਲ ਨੇ ਐਲਾਨ ਕੀਤਾ ਕਿ ਐਸ.ਏ.ਐਸ.ਨਗਰ ਦੇ ਸੈਕਟਰ 68 ਵਿੱਚ ਸੀਨੀਅਰ ਸਿਟੀਜਨਜ਼ ਲਈ ਡੇ-ਕੇਅਰ ਹੋਮ ਦੀ ਸਥਾਪਨਾ ਕੀਤੀ ਜਾਵੇਗੀ। ਉਨ੍ਹਾਂ ਹੋਰ ਕਿਹਾ ਕਿ ਮੋਹਾਲੀ ਵਿਖੇ ਜਲਦੀ ਹੀ ਓਲਡ ਏਜ਼ ਹੋਮ ਸਥਾਪਿਤ ਕੀਤਾ ਜਾਵੇਗਾ। ਜਿਸ ਲਈ ਗਮਾਡਾ ਵੱਲੋ 2 ਏਕੜ ਜ਼ਮੀਨ ਅਲਾਟ ਕਰ ਦਿੱਤੀ ਗਈ ਹੈ। ਉਨ੍ਹਾਂ ਮੌਕੇ ਤੇ ਹੀ ਆਪਣੇ ਸਲਾਹਕਾਰ ਡਾ. ਦਲਜੀਤ ਸਿੰਘ ਚੀਮਾ ਨੂੰ ਕਿਹਾ ਕਿ ਫੈਡਸਨ ਦੇ ਨੁਮਾਇੰਦੀਆ ਦੀ ਜਲਦੀ ਹੀ ਮੀਟਿੰਗ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਸੀਨੀਅਰ ਸਿਟੀਜਨਜ਼ ਦੀਆਂ ਹੋਰਨਾਂ ਮੁਸ਼ਕਿਲਾਂ ਦਾ ਵੀ ਨਿਪਟਾਰਾ ਕੀਤਾ ਜਾ ਸਕੇ। ਸ੍ਰ: ਬਾਦਲ ਨੇ ਇਸ ਮੌਕੇ ਸੀਨੀਅਰ ਸਿਟੀਜਨਜ਼ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੀਆਂ ਸੇਵਾਵਾਂ ਸ਼ਹਿਰਾਂ ਤੱਕ ਹੀ ਸੀਮਤ ਨਾ ਰੱਖਣ ਸਗੋ ਪਿੰਡਾਂ ਵਿੱਚ ਵੀ ਆਪਣੀ ਪਹੁੰਚ ਕਰਨ ਤਾਂ ਜੋ ਪਿੰਡਾਂ ਵਿੱਚ ਵਸਦੇ ਬਜ਼ੁਰਗ ਵੀ ਸੇਵਾਵਾਂ ਦਾ ਫਾਇਦਾ ਉਠਾ ਸਕਣ। ਸ੍ਰ: ਬਾਦਲ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਪਹਿਲਾ ਹੀ ਆਪਣੇ ਪਿੰਡ ਬਾਦਲ ਵਿਖੇ ਬਿਰਧ ਆਸ਼ਰਮ ਬਣਾਇਆ ਗਿਆ ਹੈ। ਜਿਥੇ ਕਿ ਬਜ਼ੁਰਗਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਫਤ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਫੈਡਸਨ ਨੂੰ ਆਪਣੀ ਅਗਲੀ ਮੀਟਿੰਗ ਪਿੰਡ ਬਾਦਲ ਦੇ ਬਿਰਧ ਆਸ਼ਰਮ ਵਿੱਚ ਕਰਨ ਦਾ ਸੱਦਾ ਵੀ ਦਿੱਤਾ। ਮੁੱਖ ਮੰਤਰੀ ਪੰਜਾਬ ਨੇ ਇਸ ਮੌਕੇ ਫੈਡਸਨ ਦਾ ਲੋਗੋ ਵੀ ਜਾਰੀ ਕੀਤਾ ਅਤੇ ਫੈਡਸਨ ਵੱਲੋਂ ਪੰਜਾਬ ਸੀਨੀਅਰ ਸਿਟੀਜਨਜ਼ ਐਸੋਸੀਏਸਨ ਦੇ ਚੇਅਰਮੈਨ ਸਾਬਕਾ ਮੁੱਖ ਸਕੱਤਰ ਪੰਜਾਬ ਸਵਰਗੀ ਸ੍ਰੀ ਪੀ.ਐਚ. ਵੈਸ਼ਨਵ ਆਈ.ਏ.ਐਸ. ਨੂੰ ਸਮਰਪਿਤ ਸੋਵੀਨਰ ਵੀ ਜਾਰੀ ਕੀਤਾ। ਮੁੱਖ ਮੰਤਰੀ ਪੰਜਾਬ ਨੇ ਇਸ ਮੌਕੇ ਫੈਡਸਨ ਨੂੰ 10 ਲੱਖ ਰੁਪਏ ਦੀ ਮਾਲੀ ਮਦਦ ਦੇਣ ਦਾ ਐਲਾਨ ਵੀ ਕੀਤਾ ਅਤੇ ਕਿਹਾ ਕਿ ਇਹ ਰਾਸ਼ੀ 5 ਦਿਨਾਂ ਦੇ ਅੰਦਰ ਅੰਦਰ ਪੁੱਜਦੀ ਹੋ ਜਾਵੇਗੀ ।

ਇਸ ਮੌਕੇ ਫੈਡਸਨ ਦੇ ਕਾਰਜਕਾਰੀ ਪ੍ਰਧਾਨ ਸ੍ਰ: ਡੀ.ਐਸ. ਗਰੇਵਾਲ ਨੇ ਆਪਣੇ ਸਵਾਗਤੀ ਭਾਸ਼ਨ ਵਿੱਚ ਕਿਹਾ ਕਿ ਫੈਡਸਨ ਜਿੱਥੇ ਸੀਨੀਅਰ ਸਿਟੀਜ਼ਨਾਂ ਦੀ ਭਲਾਈ ਲਈ ਕੰਮ ਕਰੇਗੀ ਉਥੇ ਸਮਾਜ ਸੈਵੀ ਹੋਰਨਾਂ ਕੰਮਾਂ ਵਿੱਚ ਵੱਧ ਚੜ ਕੇ ਯੋਗਦਾਨ ਪਾਵੇਗੀ। ਉਨ੍ਹਾਂ ਦੱਸਿਆ ਕਿ ਫੈਡਸਨ ਵਿੱਚ ਰਾਜ ਦੇ 15 ਜ਼ਿਲਿਆਂ ਦੀਆਂ 17 ਸੀਨੀਅਰ ਸਿਟੀਜਨਜ਼ ਐਸੋਸੀਏਸ਼ਨਾਂ ਦੇ 500 ਦੇ ਕਰੀਬ ਮੈਂਬਰ ਸਮਾਗਮ ਵਿੱਚ ਪੁੱਜੇ ਹਨ ਅਤੇ ਬਾਕੀ ਰਹਿੰਦੇ ਜ਼ਿਲਿਆਂ ਦੀਆਂ ਸੀਨੀਅਰ ਸਿਟੀਜਨਜ਼ ਐਸੋਸਿਏਸ਼ਨਾਂ ਵੀ ਜਲਦੀ ਹੀ ਫੈਡਸਨ ਵਿੱਚ ਸ਼ਾਮਲ ਹੋਣ ਦੀ ਆਸ ਹੈ। ਇਸ ਤੋਂ ਪਹਿਲਾ ਸਮਾਗਮ ਦੌਰਾਨ ਸ੍ਰ: ਬਾਦਲ ਸਮੇਤ ਸਾਰੇ ਸਮਾਗਮ ਵਿੱਚ ਸੀਨੀਅਰ ਸਿਟੀਜਨਜ਼ ਅਤੇ ਪਤਵੰਤਿਆ ਵੱਲੋ ਭਾਰਤ ਦੀ ਆਜ਼ਾਦੀ ਲਈ ਜਾਨਾਂ ਵਾਰਨ ਵਾਲੇ ਸ਼ਹੀਦਾਂ ਨੂੰ 2 ਮਿੰਟ ਦਾ ਮੋਨ ਧਾਰਨ ਕਰਕੇ ਕੇ ਸ਼ਰਧਾਂਜਲੀ ਵੀ ਭੇਟ ਕੀਤੀ ਗਈ। ਇਸ ਮੌਕੇ ਫੈਡਸਨ ਦੇ ਪ੍ਰਧਾਨ ਸ੍ਰੀ ਅਮਰਜੀਤ ਸਿੰਘ ਖਹਿਰਾ ਸਾਬਕਾ ਵਾਇਸ ਚਾਂਸਲਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਜਿਥੇ ਸੀਨੀਅਰ ਸਿਟੀਜਨਜ਼ ਦੀਆਂ ਮੰਗਾਂ ਬਾਰੇ ਜਾਣਕਾਰੀ ਦਿੱਤੀ ਉਥੇ ਮੁੱਖ ਮੰਤਰੀ ਨੂੰ ਵਿਸ਼ਵਾਸ਼ ਦਿਵਾਇਆ ਕਿ ਫੈਡਸਨ ਪੰਜਾਬ ਸਰਕਾਰ ਨਾਲ ਰਾਜ ਦੇ ਵਿਕਾਸ ਕਾਰਜਾਂ ਲਈ ਬਣਾਈਆਂ ਗਈਆਂ ਨੀਤੀਆਂ ਨੂੰ ਲਾਗੂ ਕਰਨ ਅਤੇ ਭਲਾਈ ਸਕੀਮਾਂ ਵਿੱਚ ਵੀ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰੇਗੀ। ਇਸ ਮੌਕੇ ਸ੍ਰ: ਬਲਵਿੰਦਰ ਸਿੰਘ ਭੂੰਦੜ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਅਤੇ ਸਾਬਕਾ ਮੈਂਬਰ ਰਾਜ ਸਭਾ, ਡਾ. ਦਲਜੀਤ ਸਿੰਘ ਚੀਮਾ ਸਲਾਹਕਾਰ ਮੁੱਖ ਮੰਤਰੀ ਪੰਜਾਬ, ਸ੍ਰੀ ਐਨ.ਕੇ. ਸ਼ਰਮਾ ਜ਼ਿਲ੍ਹਾ ਯੋਜਨਾ ਕਮੇਟੀ ਐਸ.ਏ.ਐਸ. ਨਗਰ, ਜਥੇਦਾਰ ਅਮਰੀਕ ਸਿੰਘ ਮੋਹਾਲੀ ਮੈਂਬਰ ਵਰਕਿੰਗ ਕਮੇਟੀ ਸ਼੍ਰੋਮਣੀ ਅਕਾਲੀ ਦਲ, ਫੈਡਸਨ ਦੇ ਜਨਰਲ ਸਕੱਤਰ ਸ੍ਰੀ ਹਰਨਾਮ ਸਿੰਘ, ਸਪੈਸਲ ਪ੍ਰਮੁੱਖ ਸਕੱਤਰ ਮੁੱਖ ਮੰਤਰੀ ਪੰਜਾਬ ਸ੍ਰੀ ਕੇ.ਜੇ.ਐਸ. ਚੀਮਾ, ਸ੍ਰੀ ਐਸ. ਕੇ ਅਸਥਾਨਾ ਡੀ.ਆਈ.ਜੀ, ਸ੍ਰ: ਪ੍ਰਭਜੋਤ ਸਿੰਘ ਮੰਡ ਡਿਪਟੀ ਕਮਿਸ਼ਨਰ, ਐਸ.ਐਸ.ਪੀ ਸ੍ਰ: ਗੁਰਪ੍ਰੀਤ ਸਿੰਘ ਭੁੱਲਰ, ਆਰ.ਪੀ.ਐਸ. ਵਾਲੀਆ ਐਸ.ਡੀ.ਐਮ., ਸ੍ਰੀਮਤੀ ਹਰਜਿੰਦਰ ਕੌਰ ਸਾਬਕਾ ਮੇਅਰ ਚੰਡੀਗੜ੍ਹ, ਸ੍ਰ: ਗੁਰਮੁੱਖ ਸਿੰਘ ਸੋਹਲ, ਸ੍ਰ: ਪਰਮਜੀਤ ਸਿੰਘ ਕਾਹਲੋ ਦੋਵੇ ਐਮ.ਸੀ., ਸ੍ਰੀ ਕ੍ਰਿਸ਼ਨ ਪਾਲ ਸ਼ਰਮਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੀਨੀਅਰ ਸਿਟੀਜਨਜ਼, ਪਤਵੰਤੇ ਅਤੇ ਵੱਖ ਵੱਖ ਵਿਭਾਗਾਂ ਦੇ ਉੱਚ ਅਧਿਕਾਰੀ ਵੀ ਮੌਜੂਦ ਸਨ।

# ਕੰਪਿਊਟਰ ਟੀਚਰਾਂ ਵੱਲੋਂ ਰੋਸ ਮਾਰਚ, ਢੀਂਡਸਾ ਦਾ ਘਰ ਘੇਰਿਆ

ਸੰਗਰੂਰ, 30 ਜਨਵਰੀ (ਅਵਤਾਰ ਸਿੰਗ ਛਾਜਲੀ)–ਕੰਪਿਊਟਰ ਟੀਚਰ ਯੂਨੀਅਨ ਜ਼ਿਲ੍ਹਾ ਸੰਗਰੂਰ ਦੀ ਜ਼ਿਲ੍ਹਾ ਪੱਧਰੀ ਰੈਲੀ ਸਥਾਨਿਕ ਬੀ.ਐਸ.ਐਨ.ਐਲ. ਪਾਰਕ ਤੋਂ ਸ਼ੁਰੂ ਹੋ ਕੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦੀ ਕੋਠੀ ਤੱਕ ਰੋਸ ਮਾਰਚ ਕੀਤਾ ਅਤੇ ਘੇਰਿਆ ਗਿਆ। ਇਹ ਸਾਬਕਾ ਕੈਬਨਿਟ ਮੰਤਰੀ ਸ. ਸੁਖਦੇਵ ਸਿੰਘ ਢੀਂਡਸਾ ਜੀ ਦੇ ਸਪੁੱਤਰ ਹਨ। ਇੱਥੇ ਮੰਤਰੀ ਦੀ ਕੋਠੀ ਦਾ ਘਿਰਾਓ ਕਰਕੇ ਇੱਕ ਘੰਟਾ ਚੱਕਾ ਜਾਮ ਕੀਤਾ ਗਿਆ। ਕਪਿਊਟਰ ਟੀਚਰ ਸਰਕਾਰ ਤੋਂ ਮੰਗ ਕਰ ਰਹੇ ਸਨ ਕਿ ਉਨ੍ਹਾਂ ਨੂੰ ਪੰਜਾਬ ਸਰਕਾਰ ਦੇ ਮੈਨੀਫੈਸਟੋ ਅਤੇ ਮੌਖਿਕ ਵਾਧੇ ਮੁਤਾਬਿਕ ਸਿੱਖਿਆ ਵਿਭਾਗ ਵਿੱਚ ਰੈਗੂਲਰ ਕੀਤਾ ਜਾਵੇ। ਇਸ ਰੈਲੀ ਵਿੱਚ ਬਲਾਕ ਸੰਗਰੂਰ, ਧੂਰੀ, ਸੁਨਾਮ, ਭਵਾਨੀਗੜ੍ਹ, ਲਹਿਰਾਗਾਗਾ, ਮਾਲੇਰਕੋਟਲਾ, ਮੂਨਕ, ਅਹਿਮਦਗੜ੍ਹ ਅਤੇ ਹੋਰ ਬਲਾਕਾਂ ਦੇ ਕੰਪਿਊਟਰ ਟੀਚਰ ਭਾਰੀ ਗਿਣਤੀ ਵਿੱਚ ਸ਼ਾਮਲ ਹੋਏ।

# 9 ਸਾਲ ਦੀ ਲੜਕੀ ਮਾਂ ਬਣੀ

ਬੀਜਿੰਗ, 30 ਜਨਵਰੀ (ਵਿਸ਼ਵ ਵਾਰਤਾ)–ਚੀਨ ਵਿਚ ਇਕ 9 ਸਾਲ ਦੀ ਲੜਕੀ ਨੇ ਇਕ ਬੱਚੇ ਨੂੰ ਜਨਮ ਦਿੱਤਾ ਹੈ। ਜਾਣਕਾਰੀ ਅਨੁਸਾਰ ਚੀਨ ਦੇ ਜਿਲੀਨ ਦੇ ਚੈਂਗਚੂਨ ਵਿਚ ਇਕ ਹਸਪਤਾਲ ਵਿਚ 9 ਸਾਲ ਦੀ ਲੜਕੀ ਨੇ ਸਰਜਰੀ ਰਾਹੀਂ ਇਕ ਬੱਚੇ ਨੂੰ ਜਨਮ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਮਾਂ ਅਤੇ ਉਸ ਦਾ 2.75 ਕਿਲੋ ਦਾ ਬੱਚਾ ਬਿਲਕੁਲ ਸਿਹਤਮੰਦ ਹਨ। ਸਥਾਨਕ ਅਖ਼ਬਾਰ ਵਿਚ ਛਪੀ ਖ਼ਬਰ ਅਨੁਸਾਰ ਲੜਕੀ ਦੀ ਮਾਂ ਨੇ ਇਸ ਸਬੰਧ ਵਿਚ ਕਾਨੂੰਨੀ ਸਹਾਇਤਾ ਦੀ ਮੰਗ ਕੀਤੀ ਹੈ। ਚੀਨ ਦੇ ਕਾਨੂੰਨ ਅਨੁਸਾਰ 14 ਸਾਲ ਤੋਂ ਘੱਟ ਉਮਰ ਦੀ ਲੜਕੀ ਨਾਲ ਸਰੀਰਕ ਸਬੰਧ ਬਣਾਉਣਾ ਬਲਾਤਕਾਰ ਦੀ ਸ਼੍ਰੇਣੀ ਵਿਚ ਆਉਂਦਾ ਹੈ। ਵਰਣਨਯੋਗ ਹੈ ਕਿ ਇੰਨੀ ਘੱਟ ਉਮਰ ਵਿਚ ਮਾਂ ਬਣਨ ਦੀ ਇਹ ਪਹਿਲੀ ਘਟਨਾ ਹੈ।

# ਮਿੱਤਲ ਤੇ ਸੰਤ ਮਾਰਕੀਟ ਕਮੇਟੀ ਦੀ ਚੋਣ ਬਾਅਦ ਘਿਓ ਖਿਚੜੀ...

ਨੂਰਪੁਰ ਬੇਦੀ, 30 ਜਨਵਰੀ (ਬਲਵਿੰਦਰ ਰੈਤ)–ਵਿਧਾਨ ਸਭਾ ਹਲਕਾ ਆਨੰਦਪੁਰ ਸਾਹਿਬ ਦੇ ਅਕਾਲੀ ਵਿਧਾਇਕ ਸੰਤ ਅਜੀਤ ਸਿੰਘ ਨੇ ਨੰਗਲ ਵਿਧਾਨ ਸਭਾ ਹਲਕੇ ਦੇ ਇੰਚਾਰਜ ਸਾਬਕਾ ਕੈਬਨਿਟ ਮੰਤਰੀ ਸ੍ਰੀ ਮਦਨ ਮੋਹਨ ਮਿੱਤਲ ਕਦੇ ਦੋਨੋਂ ਹੀ ਆਪਣੇ ਹਲਕਿਆਂ ਵਿੱਚ ਇੱਕ ਦੂਜੇ ਦੀ ਦਖਲ ਅੰਦਾਜ਼ੀ ਪਸੰਦ ਨਹੀਂ ਕਰ ਸਕਦੇ। ਪਰ ਹਾਲ ਹੀ ਵਿੱਚ ਹੋਈ ਮਾਰਕੀਟ ਕਮੇਟੀ ਆਨੰਦਪੁਰ ਸਾਹਿਬ ਦੇ ਚੇਅਰਮੈਨ ਤੇ ਉਪ ਚੇਅਰਮੈਨ ਦੀ ਚੋਣ ਤੋਂ ਬਾਅਦ ਇਹ ਦੂਰੀਆਂ ਨੇੜੇ ਹੁੰਦੀਆਂ ਨਜ਼ਰ ਆ ਰਹੀਆਂ ਹਨ।

# ਗੱਤਕਾ ਆਰਟ ਮੁਕਾਬਲੇ ਅੱਜ

ਬੁਢਲਾਡਾ, 30 ਜਨਵਰੀ (ਦਵਿੰਦਰ ਸਿੰਘ ਕੋਹਲੀ)–ਡਿਸਟ੍ਰਿਕਟ ਮਾਨਸਾ ਵੱਲੋਂ ਵਿਰਸਾ ਸੰਭਾਲ ਗੱਤਕਾ ਆਰਟ ਮਾਰਸ਼ਲ ਦੇ ਮੁਕਾਬਲੇ 31 ਜਨਵਰੀ ਨੂੰ ਦਸਮੇਸ਼ ਪਬਲਿਕ ਸਕੂਲ ਦੇ ਖੇਡ ਮੈਦਾਨ ਵਿੱਚ ਕਰਵਾਏ ਜਾ ਰਹੇ ਹਨ। ਗਤਕਾ ਮਾਸਟਰ ਪ੍ਰਭਲੀਨ ਸਿੰਘ ਅਤੇ ਪ੍ਰਧਾਨ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਗੱਤਕਾ ਮੁਕਾਬਲਿਆਂ ਵਿੱਚ ਪੰਜਾਬ ਭਰ ਵਿੱਚੋਂ ਵੱਡੀ ਗਿਣਤੀ ਵਿੱਚ ਟੀਮਾਂ ਹਿੱਸਾ ਲੈ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਮਾਨਸਾ ਗੱਤਕਾ ਦੀ ਟੀਮ ਨੇ ਇੰਟਰ ਯੂਨੀਵਰਸਿਟੀ ਦੇ ਮੁਕਾਬਲਿਆਂ ਵਿੱਚ ਸੋਨੇ ਅਤੇ ਚਾਂਦੀ ਦੇ ਮੈਡਲ ਪ੍ਰਾਪਤ ਕੀਤੇ। ਆਪਣੀ ਆਤਮ ਰੱਖਿਆ ਅਤੇ ਜਬਰ ਜ਼ੁਲਮ ਦੇ ਖਿਲਾਫ ਸੰਘਰਸ਼ ਲਈ ਗਤਕਾ ਅਤਿ ਜ਼ਰੂਰੀ ਹੈ। ਨੌਜਵਾਨਾਂ ਅਤੇ ਬੱਚਿਆਂ ਨੂੰ ਇਸ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਮਾਨਸਾ ਜ਼ੋਨ ਇੰਚਾਰਜ ਸ੍ਰ. ਹੀਰਾ ਸਿੰਘ ਨਰੂਲਾ ਨੇ ਦੱਸਿਆ ਕਿ ਇਸ ਮੌਕੇ ਦਸਤਾਰ ਦੇ ਮੁਕਾਬਲੇ ਕਰਵਾਏ ਜਾਣਗੇ।

# ਪ੍ਰੇਮ ਗਰਗ ਮੰਡਲ ਪ੍ਰਧਾਨ ਬਣਨ 'ਤੇ ਖੁਸ਼ੀ ਪ੍ਰਗਟਾਈ

ਬੁਢਲਾਡਾ, 30 ਜਨਵਰੀ (ਦਵਿੰਦਰ ਸਿੰਘ ਕੋਹਲੀ)–ਭਾਰਤੀ ਜਨਤਾ ਪਾਰਟੀ ਵੱਲੋਂ ਸ੍ਰੀ ਪ੍ਰੇਮ ਚੰਦ ਗਰਗ ਨੂੰ ਭਾਜਪਾ ਮੰਡਲ ਦੇ ਪ੍ਰਧਾਨ ਚੁਨਣ ਤੇ ਪਾਰਟੀ ਆਗੂ ਕ੍ਰਿਸਨ ਕੁਮਾਰ ਬਾਂਸਲ, ਰਾਕੇਸ਼ ਕੁਮਾਰ ਜੈਨ, ਬਾਬੂ ਚਿਮਨ ਲਾਲ, ਡਾ. ਕ੍ਰਿਸਨ ਲਾਲ ਗਰਗ, ਮਦਨ ਲਾਲ ਐਡਵੋਕੇਟ, ਸੁਰਿੰਦਰ ਬਾਂਸਲ, ਨਗਰ ਕੌਂਸਲ ਦੀ ਮੀਤ ਪ੍ਰਧਾਨ ਸ਼ਸ਼ੀ ਸ਼ਰਮਾ ਆਦਿ ਆਗੂਆਂ ਨੇ ਪ੍ਰੇਮ ਗਰਗ ਦੇ ਪ੍ਰਧਾਨ ਬਣਨ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

## ਕਿਸਤੀ ਉਲਟਣ ਕਾਰਨ...

ਸਫਾ 1 ਦੀ ਬਾਕੀ

ਅਨੁਸਾਰ ਹੁਣ ਤੱਕ 10 ਲਾਸ਼ਾਂ ਨੂੰ ਕੱਢਿਆ ਜਾ ਚੁੱਕਾ ਹੈ। ਕਿਸਤੀ ਵਿਚ ਸਵਾਰ ਸਥਾਨਕ ਪਿੰਡ ਵਾਸੀ ਸਨ। ਜੋ ਆਪਣੇ ਕੰਮਕਾਰਾਂ 'ਤੇ ਜਾ ਰਹੇ ਸਨ। ਉਨ੍ਹਾਂ ਦੱਸਿਆ ਕਿ ਲਾਪਤਾ ਵਿਅਕਤੀਆਂ ਦੀ ਭਾਲ ਤੇਜ਼ੀ ਨਾਲ ਕੀਤੀ ਜਾ ਰਹੀ ਹੈ।

## ਛੱਤੀਸ਼ਗੜ੍ਹ 'ਚ ਸਕੂਲ/ਕਾਲਜ...

ਸਫਾ 1 ਦੀ ਬਾਕੀ

ਸਟੱਡੀ ਸਰਕਲ ਦੇ ਪ੍ਰਧਾਨ ਤਰਲੋਚਨ ਸਿੰਘ, ਮੈਂਬਰ ਸੁਖਦੇਵ ਸਿੰਘ ਸਿੱਧੂ, ਮੈਂਬਰ ਕੁਲਵਿੰਦਰ ਸਿੰਘ, ਗੁਰਦੁਆਰਾ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਕੁਮਾਰੀ ਭਲਈ ਦੇ ਮੁੱਖ ਸੇਵਾਦਾਰ ਬਾਬਾ ਸਾਹਿਬ, ਰਾਏਪੁਰ ਟਰੱਕ ਮਾਲਕ ਸੰਧ ਦੇ ਪ੍ਰਧਾਨ ਭਾਈ ਬਲਜਿੰਦਰ ਸਿੰਘ, ਹਰਪਾਲ ਸਿੰਘ, ਸਾਹਨੀ ਅਤੇ ਛੱਤੀਸਗੜ੍ਹ ਸਿੱਖ ਮਿਸ਼ਨ ਤੋਂ ਭਾਈ ਗੁਰਮੀਤ ਸਿੰਘ ਸੈਣੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਿੰਘ ਸਭਾਵਾਂ ਦੇ ਨੁਮਾਇੰਦੇ ਅਤੇ ਵਿਦਵਾਨ ਹਾਜ਼ਰ ਸਨ।

## ਨਸ਼ੇ 'ਚ ਰਈਸਜਾਦੀ ਨੇ ਕਾਰ ...

ਸਫਾ 1 ਦੀ ਬਾਕੀ

ਔਰਤ ਓਪੇਰਾ ਹਾਊਸ ਤੋਂ ਮੈਟਰੋ ਥੀਏਟਰ ਵੱਲ ਜਾ ਰਹੀ ਸੀ। ਉਸ ਨੇ ਆਪਣੀ ਕਾਰ ਨੂੰ ਨਸ਼ੇ ਦੀ ਹਾਲਤ ਵਿਚ ਚਲਾਉਂਦੇ ਹੋਏ ਮਰੀਨ ਡਰਾਈਵ 'ਤੇ ਖੜ੍ਹੇ ਦੋ ਵਾਹਨਾਂ ਨੂੰ ਟੱਕਰ ਮਾਰ ਦਿੱਤੀ। ਇਸ ਵਿਚ ਇਕ ਪੁਲਿਸ ਦੀ ਵੈਨ ਸੀ। ਟੱਕਰ ਵਿਚ ਇਕ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਿਸ ਦੇ ਰੋਕਣ 'ਤੇ ਨਸ਼ੇ ਦੀ ਹਾਲਤ ਵਿਚ ਇਸ ਔਰਤ ਨੇ ਕਾਰ ਦੀ ਸਪੀਡ ਹੋਰ ਤੇਜ਼ ਕਰ ਦਿੱਤੀ। ਕਾਰ ਬੇਕਾਬੂ ਹੋਣ 'ਤੇ ਉਸ ਦੀ ਗੱਡੀ ਟੈਕਸੀ ਨਾਲ ਜਾ ਟਕਰਾਈ ਅਤੇ ਫਿਰ ਪੁਲਿਸ ਵੈਨ ਸਮੇਤ ਇਕ ਮੋਟਰ ਸਾਈਕਲ ਨਾਲ ਵੀ ਟਕਰਾ ਗਈ।

## ਅਖੌਤੀ ਬੁੱਧੀਜੀਵੀ ਘਟੀਆ...

ਸਫਾ 1 ਦੀ ਬਾਕੀ

ਬੈਠ ਕੇ ਕੰਮ ਕਰ ਰਹੇ ਹਨ, ਅਤੇ ਸਿੱਖ ਪੰਥ ਅਤੇ ਸਿੱਖ ਕੌਮ ਲਈ ਸੰਘਰਸ਼ਸ਼ੀਲ ਆਗੂਆਂ ਦੀਆਂ ਰਿਪੋਰਟਾਂ ਏਜੰਸੀਆਂ ਤੱਕ ਪਹੁੰਚਉਂਦੇ ਹਨ, ਉਨ੍ਹਾਂ ਨੂੰ ਸਿੱਖਾਂ ਦੇ ਧਾਰਮਿਕ ਮਸਲਿਆਂ ਵਿੱਚ ਬੋਲਣ ਦਾ ਕੋਈ ਹੱਕ ਨਹੀਂ । ਇਹ ਸਿੱਖ ਕੌਮ ਦੇ ਗਦਾਰ ਹਨ। ਉਨ੍ਹਾਂ ਕਿਹਾ ਕਿ ਦਿਲਗੀਰ ਅਤੇ ਜਗਤਾਰ ਸਿੰਘ ਜਾਰਕ ਜਿਹੇ ਅਖੌਤੀ ਬੁੱਧੀਜੀਵੀਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਸਨਮਾਨ ਤੇ ਸਤਿਕਾਰ ਤੋਂ ਜ਼ਿਆਦਾ ਇੱਕ ਦੁਨਿਆਵੀ ਰਾਗੀ ਦੀ ਚਿੰਤਾ ਹੈ। ਜੋ ਸ੍ਰੀ ਅਕਾਲ ਤਖਤ ਸਾਹਿਬ ਤੋਂ ਖੁਦ ਭਗੌੜਾ ਹੋਇਆ ਹੈ।

ਭਾਈ ਖਾਲਸਾ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਸਿੱਖ ਪੰਥ ਦੀ ਮਹਾਨ ਤੇ ਸਿਰਮੌਰ ਸੰਸਤਾ ਹੈ ਅਤੇ ਤਖਤ ਸਾਹਿਬਾਨ ਦੇ ਸਿੰਘ ਸਾਹਿਬ ਸਿੱਖ ਕੌਮ ਦੀਆਂ ਸਤਿਕਾਰਯੋਗ ਸ਼ਖਸੀਅਤਾਂ ਹਨ। ਫੈਡ. (ਮਹਿਤਾ) ਅਤੇ ਸਮੁੱਚਾ ਸਿੱਖ ਪੰਥ ਸ੍ਰੀ ਅਕਾਲ ਤਖਤ ਸਾਹਿਬ ਨਾਲ ਖੜ੍ਹਾ ਹੈ ਅਤੇ ਸ੍ਰੀ ਅਕਾਲ ਤਖਤ ਸਾਹਿਬ ਖਿਲਾਫ ਇਨ੍ਹਾਂ ਸਾਜ਼ਿਸ਼ੀ ਲੋਕਾਂ ਨੂੰ ਇਨ੍ਹਾਂ ਦੇ ਘਟੀਆ ਮਨਸੂਬਿਆਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ।

## ਰਜਿੰਦਰਾ ਹਸਪਤਾਲ ਦੇ...

ਸਫਾ 1 ਦੀ ਬਾਕੀ

ਸੁਝਾਅ ਦਿੱਤਾ ਹੈ ਤਾਂ ਜੋ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਨੂੰ ਰੋਕਣਾ ਯਕੀਨੀ ਬਣਾਇਆ ਜਾ ਸਕੇ। ਬੁਲਾਰੇ ਅਨੁਸਾਰ ਮੁੱਖ ਮੰਤਰੀ ਨੇ ਸਿਹਤ ਵਿਭਾਗ ਨੂੰ ਸਖਤ ਹੁਕਮ ਜਾਰੀ ਕੀਤੇ ਹਨ ਕਿ ਉਹ ਜਸਟਿਸ ਗੁਪਤਾ ਦੀ ਰਿਪੋਰਟ ਨੂੰ ਸਖਤੀ ਨਾਲ ਲਾਗੂ ਕਰੇ। ਗੌਰਤਲਬ ਹੈ ਕਿ ਰਾਜ ਸਰਕਾਰ ਨੇ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਅਤੇ ਰਜਿੰਦਰਾ ਹਸਪਤਾਲ ਦਾ 30 ਕਰੋੜ ਰੁਪਏ ਦੀ ਲਾਗਤ ਨਾਲ ਪੱਧਰ ਉਚਾ ਚੁੱਕਣ ਲਈ ਇਕ ਯੋਜਨਾ ਤਿਆਰ ਕੀਤੀ ਹੈ। ਇਸੇ ਤਰ੍ਹਾਂ ਹੀ ਮੈਡੀਕਲ ਕਾਲਜ ਅੰਮ੍ਰਿਤਸਰ ਅਤੇ ਇਸ ਦੇ ਹਸਪਤਾਲ ਦਾ ਪੱਧਰ ਉੱਚਾ ਚੁੱਕਨ ਲਈ 143.5 ਕਰੋੜ ਰੁਪਏ ਦੀ ਯੋਜਨਾ ਬਣਾਈ ਹੈ। ਇਸ ਮੌਕੇ 'ਤੇ ਹਾਜ਼ਰ ਹੋਰਨਾਂ ਵਿੱਚ ਪੰਜਾਬ ਦੇ ਐਡਵੋਕੇਟ ਜਨਰਲ ਸ੍ਰੀ ਐਚ.ਐਸ. ਮੱਤੇਵਾਲ ਅਤੇ ਮੁੱਖ ਮੰਤਰੀ ਦੇ ਵਿਸ਼ੇਸ ਪ੍ਰਮੁੱਖ ਸਕੱਤਰ ਕੇ ਜੇ.ਐਸ. ਚੀਮਾ ਸ਼ਾਮਿਲ ਸਨ।

## ਜਾਂਚ ਟੀਮ ਵੱਲੋਂ ਭਗਵਾਨਪੁਰ...

ਸਫਾ 1 ਦੀ ਬਾਕੀ

ਗਿਆ ਕਿ ਇਸ ਘਟਨਾ ਤੋਂ ਬਾਅਦ ਦਲਿਤਾਂ ਦੇ ਬੱਚਿਆਂ ਤੱਕ ਵਿੱਚ ਇੰਨਾ ਡਰ ਬੈਠ ਗਿਆ ਕਿ ਉਹ ਸਕੂਲ ਜਾਣ ਨੂੰ ਵੀ ਤਿਆਰ ਨਹੀਂ ਟੀਮ ਵਿੱਚ ਸ਼ਾਮਲ ਆਗੂਆਂ ਨੇ ਕਿਹਾ ਕਿ ਜਿਹੜੇ ਦੇ ਡਿਪਟੀ ਕਮਿਸ਼ਨਰ ਨੂੰ ਚਾਹੀਦਾ ਹੈ ਕਿ ਪੀੜ੍ਹਤਾਂ ਨੂੰ ਸਵੈ-ਰੱਖਿਆ ਲਈ ਹੱਥਿਆਰ ਦਿੱਤੇ ਜਾਣ।

ਜ਼ਿਲ੍ਹੇ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਖਿਲਾਫ ਨਰਾਜ਼ਗੀ ਪ੍ਰਗਟਾਉਂਦਿਆਂ ਟੀਮ ਵਿੱਚ ਸ਼ਾਮਲ ਐਡਵੋਕੇਟ ਅਵਤਾਰ ਕ੍ਰਿਸ਼ਨ ਨੇ ਦੱਸਿਆ ਕਿ ਜਿੱਥੇ ਡਿਪਟੀ ਕਮਿਸ਼ਨਰ ਨੇ ਪੀੜ੍ਹਤਾਂ ਦੇ ਮੁੜ ਵਸੇਂਬੇ ਦੇ ਕੋਈ ਪ੍ਰਬੰਧ ਨਹੀਂ ਕੀਤੇ। ਉੱਥੇ ਐੱਸ.ਐੱਸ.ਪੀ. ਨੇ ਘਟਨਾ ਸਥਾਨ ਦਾ ਇੱਕ ਵਾਰ ਦੌਰਾ ਵੀ ਕਰਨਾ ਜਰੂਰੀ ਨਾ ਸਮਝਿਆ ਗਿਆ। ਐਡਵੋਕੇਟ ਨੇ ਕਿਹਾ ਕਿ 15 ਅਗਸਤ 2008 ਨੂੰ ਪੰਜਾਬ ਸਰਕਾਰ ਨੇ ਨੋਟੀਫਿਕੇਸ਼ ਜਾਰੀ ਕਰਦਿਆਂ ਲਿਖਿਆ ਸੀ ਕਿ ਕਿਸੇ ਵੀ ਦਲਿਤ ਨੂੰ ਉਸਦੀ ਰਹਿਣ ਵਾਲੀ ਜਗ੍ਹਾ ਤੋਂ ਹਟਾਇਆ ਨਹੀਂ ਜਾਵੇਗਾ, ਸਗੋਂ ਉਸ ਨੂੰ ਮਾਲਿਕਾਨਾ ਹੱਕ ਦਿੱਤੇ ਜਾਣਗ, ਪ੍ਰੰਤੂ ਭਗਵਾਨਪੁਰਾ ਵਿਖੇ ਇਸ਼ ਤੋਂ ਬਿਲਕੁਲ ਉਲਟ ਹੋਇਆ ਹੈ। ਉਨ੍ਹਾਂ ਕਿਹਾ ਕਿ ਪੁਲਿਸ ਨੇ ਭਾਵੇਂ ਐੱਸ.ਸੀ.ਐੱਸ.ਟੀ. ਲਾ ਦਿੱਤਾ ਹੈ, ਪ੍ਰੰਤੂ ਐਕਟ ਵਿੱਚ ਸ਼ਾਮਲ ਸੈਕਸ਼ਨ ਲਾਏ ਹੀ ਨਹੀਂ ਗਏ ਅਤੇ ਇਸ ਕਾਰਣ ਭਵਿੱਖ ਵਿੱਚ ਕੇਸ ਕਮਜ਼ੋਰ ਸਾਬਤ ਹੋ ਸਕਦੈ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਪੰਜਾਬ ਸਰਕਾਰ ਨੇ ਸਾਰੇ ਜ਼ਿਲ੍ਹਿਆਂ ਦੇ ਐੱਸ.ਐੱਸ.ਪੀਜ਼ ਨੂੰ ਚਿੱਠੀ ਲਿਖ ਕੇ ਹਿਦਾਇਤ ਜਾਰੀ ਕੀਤੀ ਕਿ ਐੱਸ.ਸੀ.ਐੱਸ.ਟੀ. ਐਕਟ ਦੀਆਂ ਧਾਰਾਵਾਂ ਲਾਉਣ ਵੇਲੇ ਸੈਕਸ਼ਨ ਵੀ ਲਾਏ ਜਾਣ।

## ਪੰਜਾਬ ਭਾਜਪਾ ਦੇ ਨਵੇਂ ਪ੍ਰਧਾਨ...

ਸਫਾ 1 ਦੀ ਬਾਕੀ

ਵਿੱਚ ਕਮਲ ਕੁਮਾਰ ਸ਼ਰਮਾ ਅਤੇ ਵਿਨੋਦ ਸ਼ਰਮਾ ਦੇ ਨਾਵਾਂ ਤੇ ਹੀ ਆਲਾ ਕਮਾਨ ਵੱਲੋਂ ਵਿਚਾਰ ਕੀਤੇ ਜਾਣ ਦੀ ਸੰਭਾਵਨਾ ਹੈ। ਵੈਸੇ ਨਵੇਂ ਪ੍ਰਧਾਨ ਦੇ ਅਹੁਦੇ ਲਈ ਨਾਮਜਦਗੀਆਂ ਦਾਖਲ ਕਰਨ ਲਈ 31 ਜਨਵਰੀ ਦੀ ਤਾਰੀਖ ਨਿਸ਼ਚਿਤ ਕੀਤੀ ਹੈ। ਅਗਰ ਉਸ ਦਿਨ ਸਿਰਫ ਇੱਕ ਹੀ ਨਾਂਅ ਦੇ ਕਾਗਜ ਦਾਖਲ ਹੋਏ ਤਾਂ ਚੋਣ ਸਰਬ ਸੰਮਤੀ ਨਾਲ ਹੋ ਜਾਵੇਗੀ। ਇਸ ਤਰ੍ਹਾਂ ਕੁੱਲ ਮਿਲਾ ਕੇ ਪ੍ਰਧਾਨਗੀ ਪੱਦ ਲਈ ਚੋਣ ਸਰਗਰਮੀਆਂ ਪੂਰੇ ਜੋਰਾਂ ਉੱਤੇ ਹਨ। ਇਸ ਵਾਰ ਇਸ ਅਹੁਦੇ ਤੇ ਕਿਸੇ ਨਵੇਂ ਚਿਹਰੇ ਦੇ ਸਾਹਮਣੇ ਆਉਣ ਦੀ ਸੰਭਾਵਨਾ ਹੈ, ਜੋ ਉਮਰ ਵਿੱਚ ਵੀ 50 ਸਾਲ ਤੋਂ ਘੱਟ ਹੀ ਹੋਵੇਗਾ। ਇਹੀ ਆਪਣੀ ਨਵੇਂ-ਨਵੇਂ ਚਿਹਰਿਆਂ ਅਤੇ ਘੱਟ ਉਮਰ ਦੇ ਨੇਤਾਵਾਂ ਨੂੰ ਅੱਗੇ ਲਿਆਉਣ ਦੀ ਰਾਜਨੀਤੀ ਤੇ ਨਵੇਂ ਭਾਜਪਾ ਪ੍ਰਧਾਨ ਨਿਤਿਨ ਗਡਕਰੀ ਨੇ ਅਪਣਾਈ ਹੈ।

## ਚੌਧਰੀ ਓਮ ਪ੍ਰਕਾਸ਼ ਲੱਗੇ...

ਸਫਾ 1 ਦੀ ਬਾਕੀ

ਨਿਯੁਕਤ ਕੀਤੇ ਜਾਣ ਦਾ ਪੰਜਾਬ ਸਰਕਾਰ ਵੱਲੋਂ ਦੇਰ ਸ਼ਾਮ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ। ਬੀਤੇ ਦਿਨੀਂ ਚੌਧਰੀ ਓਮ ਪ੍ਰਕਾਸ਼ ਨੇ ਮੁੱਖ ਮੰਤਰੀ ਦਫਤਰ ਤੋਂ ਮੌਖਿਕ ਰੂਪ ਵਿੱਚ ਉਕਤ ਮਾਰਕੀਟ ਕਮੇਟੀ ਦੇ ਚੇਅਰਮੈਨ ਲਗਾਏ ਜਾਣ ਦਾ ਐਲਾਨ ਕੀਤਾ ਗਿਆ ਸੀ। ਪਰ ਨੋਟੀਫਿਕੇਸ਼ਨ ਜਾਰੀ ਨਾ ਹੋਣ ਕਾਰਨ ਰਾਜਨੀਤਕ ਹਲਕਿਆਂ ਵਿੱਚ ਹੋਰਨਾਂ ਆਗੂਆਂ ਦੇ ਵੀ ਦੌੜ ਵਿੱਚ ਹੋਣ ਦੇ ਕਿਆਸ ਲਗਾਏ ਜਾ ਰਹੇ ਹਨ, ਜਿਸ ਕਰਕੇ ਦੇਰ ਸ਼ਾਮੀ ਜਾਰੀ ਹੋਏ ਨੋਟਫਿਕੇਸ਼ਨ ਕਾਰਨ ਹੁਣ ਉਕਤ ਸਭ ਸੰਭਾਵਨਾਵਾਂ ਤੇ ਵਿਰਾਮ ਲੱਗ ਗਿਆ ਹੈ।

## ਭਾਜਪਾ ਦੀਆਂ ਜੱਥੇਬੰਦਕ ਚੋਣਾਂ...

ਸਫਾ 1 ਦੀ ਬਾਕੀ

ਹਾਈਕਮਾਂਡ ਵੱਲੋਂ ਮੰਡਲ ਪੱਧਰ ਦੀਆਂ ਚੋਣਾਂ ਅੱਗੇ ਪਾ ਦਿੱਤੀਆਂ ਗਈਆਂ ਹਨ। ਜ਼ਿਲ੍ਹਾ ਪਧਾਨ ਸ੍ਰੀ ਦੀਵਾਨ ਨੇ ਦੱਸਿਆ ਕਿ ਚੋਣ ਪ੍ਰਕਿਰਿਆ ਨੂੰ ਸਹੀ ਢੰਗ ਨਾਲ ਨਾ ਕਰਵਾਉਣ ਕਰਕੇ ਜ਼ਿਲ੍ਹੇ ਦੇ ਆਗੂ ਪੰਜਾਬ ਭਾਜਪਾ ਦੇ ਸੰਗਠਨ ਮੰਤਰੀ ਅਜੈ ਝਬਾਲ ਨੂੰ ਮਿਲੇ ਸਨ। ਉਨ੍ਹਾਂ ਦੱਸਿਆ ਕਿ ਚੋਣਾਂ ਲਈ ਵੱਖ-ਵੱਖ ਮੰਡਲਾਂ ਦੇ ਪ੍ਰਧਾਨ ਲਗਾਏ ਗਏ ਹਨ। ਉਹ ਮੰਡਲ ਪੁਰਾਣੇ ਹਲਕਿਆਂ ਅਨੁਸਾਰ ਹਨ, ਪਰ ਜਦੋਂ ਤੋਂ ਨਵੀਂ ਹਲਕਾਬੰਦੀ ਲਾਗੂ ਹੋਈ ਹੈ। ਉਦੋਂ ਤੋਂ ਗੋਲਟੀ ਅਤੇ ਝੱਜ ਮੰਡਲ ਖਤਮ ਹੋ ਗਏ ਹਨ ਅਤੇ ਘਨੋਲੀ, ਸਿੰਘ ਭੰਗਵਤਪੁਰਾ ਮੰਡਲ ਬਣਾ ਦਿੱਤੇ ਗਏ ਸਨ। ਇਸ ਕਰਕੇ ਉਨ੍ਹਾਂ ਹਾਈਕਮਾਂ ਤੋਂ ਮੰਗ ਕੀਤੀ ਕਿ ਮੰਡਲਾਂ ਦੀ ਚੋਣ ਨਵੇਂ ਵਿਧਾਨ ਸਭਾ ਹਲਕਿਆਂ ਅਨੁਸਾਰ ਹੀ ਕਰਵਾਈ ਜਾਵੇ। ਇਸ ਦੌਰਾਨ ਵਿਜੈ ਪੁਰੀ ਨੇ ਕਿਹਾ ਕਿ ਪਾਰਟੀ ਅੰਦਰਲੇ ਕੁੱਝ ਆਗੂ ਜੋ ਪਾਰਟੀ ਦੀ ਸ਼ਾਖ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ, ਵੱਲੋਂ ਭਾਰਤੀ ਪ੍ਰਕਿਰਿਆ ਦੀ ਪ੍ਰਵਾਹ ਨਾ ਕਰਦੇ ਹੋਏ ਗਲਤ ਢੰਗ ਨਾਲ ਮੈਂਬਰਸ਼ਿਪ ਕੱਟੀ ਗਈ ਹੈ, ਜਦੋਂਕਿ ਆਨੰਦਪੁਰ ਸਾਹਿਬ ਮੰਡਲ ਵਿੱਚ ਭਾਜਪਾ ਦੇ ਸਿਰਫ 24 ਮੈਂਬਰ ਹੀ ਬਣੇ ਹਨ, ਜਿਸ ਕਰਕੇ ਉਹ ਜ਼ਿਲ੍ਹਾ ਭਾਜਪਾ ਦੇ ਪ੍ਰਧਾਨ ਮੰਡਲਾਂ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਸਮੇਤ ਕੁੱਲ 40 ਵਿਅਕਤੀ ਹਾਈਕਮਾਂਡ ਨੂੰ ਮਿਲੇ ਹਨ। ਇਸ ਤੋਂ ਬਾਅਦ ਮੰਡਲਾਂ ਦੀਆਂ ਚੋਣਾਂ ਅੱਗੇ ਪਾ ਦਿੱਤੀਆਂ ਗਈਆਂ ਹਨ।

## ਹਾਈਕੋਰਟ ਨੇ ਸਰਕਾਰ ਨੂੰ ਲਿਆ...

ਸਫਾ 1 ਦੀ ਬਾਕੀ

ਵਾਲਾ ਸੀਨੀਅਰ ਪੁਲਿਸ ਅਧਿਕਾਰੀ ਅਤੇ ਪੰਜਾਬ ਦੇ ਏ.ਡੀ.ਜੀ.ਪੀ. ਸ੍ਰੀ ਚੰਦਰ ਸ਼ੇਖਰ ਆਈ.ਪੀ.ਐੱਸ. ਨੇ ਹਾਈਕੋਰਟ ਵਿੱਚ ਕਿਹਾ ਕਿ ਮੁਹਾਲੀ ਦਾ ਡਿਪਟੀ ਕਮਿਸ਼ਨਰ ਨੇ ਇਸ ਮਸਲੇ ਨਾਲ ਸੰਬੰਧਤ ਅਤੇ ਜੁੜੀ ਸਾਰੀ ਜਾਣਕਾਰੀ ਮੁਹੱਈਆ ਨਹੀਂ ਕਰਵਾਈ। ਡੀ.ਸੀ. ਦਫਤਰ ਮੁਹਾਲੀ ਤੇ 11 ਦਸੰਬਰ 2009 ਨੂੰ ਇੱਕ ਮੀਮੋ. ਡੀ.ਓ. ਮਿਲਿਆ ਹੈ, ਜਿਸ ਵਿੱਚ ਪਹਿਲੀ ਵੱਡੀ ਜਾਣਕਾਰੀ ਨਾਲ ਕੋਈ ਤਾਲਮੇਲ ਨਹੀਂ ਸੀ ਬੈਠਾ ਰਿਹਾ। ਡੀ.ਸੀ. ਦਫਤਰ ਮੁਹਾਲੀ ਨੂੰ ਇਸ ਬਾਰੇ ਪੂਰੀ ਜਾਣਕਾਰੀ ਵੀ ਦਿੱਤੀ ਗਈ। ਇਸ ਦੇ ਬਾਵਜੂਦ ਫਿਰ ਵੀ ਕੋਈ ਸਹੀ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ। ਇਸ ਦੇ ਗਲਤ ਅਤੇ ਅਧੂਰੀ ਜਾਣਕਾਰੀ ਦੇ ਕੇਸ ਵਿੱਚ ਦੇਰੀ ਕਰਨ ਅਤੇ ਸਮਾਂ ਨਸ਼ਟ ਕੀਤਾ ਜਾ ਰਿਹਾ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਮਾਲ ਵਿਕਾਸ ਦਾ ਰਿਕਾਰਡ ਰੈਵੀਨਿਊ ਰਿਮਾਰਡ ਪੂਰੀ ਤਰ੍ਹਾਂ ਨਹੀਂ ਰੱਖਿਆ ਹੋਇਆ ਹੈ, ਜਿਸ ਤੇ ਸਪੱਸ਼ਟ ਹੈ ਕਿ ਸੰਬੰਧਤ ਅਧਿਕਾਰੀ ਜਾਂਚ ਪੜਤਾਲ ਵਿੱਚ ਪੂਰੀ ਤਰ੍ਹਾਂ ਸਹਿਯੋਗ ਨਹੀਂ ਕਰਵਾਉਣਾ ਚਾਹੁੰਦੇ। ਏ.ਡੀ.ਜੀ.ਪੀ. ਸ੍ਰੀ ਚੰਦਰ ਸ਼ੇਖਰ ਅਦਾਲਤ ਨੂੰ ਪੇਸ਼ ਰਿਪੋਰਟ ਵਿੱਚ ਕਿਹਾ ਹੈ ਕਿ 1966 ਦੀ ਜਮਾਂਬੰਦੀ ਦੀ ਤੁਲਨਾ ਵਿੱਚ 10312 ਏਕੜ 8 ਮਰਲਾ ਮੁਸ਼ਤਰਕਾ ਮਾਲਕਾਨ ਭੂਮੀ (ਵਿਲੇਜ ਕੋਮਨ ਲੈਂਡ) ਰਿਕਾਰਡ ਵਿੱਚ ਕਮੀ ਹੈ। ਏ.ਡੀ.ਜੀ.ਪੀ. ਨੇ ਕਿਹਾ ਕਿ ਸਾਲ 1966 ਵਿੱਚ ਡਰੇਗ ਬੰਸੀ ਦੀ ਸ਼ਾਮਲਾਟ ਜ਼ਮੀਨ ਸਮੂਹਿਕ ਵਾਹੀਯੋਗ ਜ਼ਮੀਨ) 85 ਏਕੜ ਸੀ, ਜਦੋਂ ਕਿ ਵਰਤਮਾਨ ਜਮ੍ਹਾਬੰਦੀ ਵਿੱਚ ਹਿ ਭੂਮੀ ਘੱਟ ਕੇ 7218 ਏਕੜ ਰਹਿ ਗਈ ਹੈ। ਇਸ ਤਰ੍ਹਾਂ 1362 ਏਕੜ ਜ਼ਮੀਨ ਦਾ ਰਿਕਾਰਡ ਵਿੱਚ ਕੋਈ ਬਿਓਰਾ ਹੀ ਨਹੀਂ ਹੈ। ਇਸ ਤਰ੍ਹਾਂ ਮੁਸ਼ਤਰਕਾ ਮਾਲਕਾਨ ਭੂਮੀ 287 ਏਕੜ ਤੇ ਘੱਟ ਕੇ ਰਿਕਾਰਡ ਵਿੱਚ 254 ਏਕੜ ਰਹਿ ਗਈ ਹੈ। ਕੁਲ ਮਿਲਾ ਕੇ ਖਰੜ ਦੀ ਜ਼ਮੀਨ ਦਾ ਵੀ ਬਿਓਰਾ ਦਿੱਤਾ ਹੈ। ਇੱਕ ਹੋਰ ਰਿਪੋਰਟ ਵਿੱਚ 9592 ਏਕੜ ਭੂਮੀ ਅਦਾਲਤ ਵਿੱਚ ਵਿਚਾਰ ਅਧੀਨ ਦੱਸੀ ਜਾਂਦੀ ਹੈ। 6002 ਏਕੜ ਭੂਮੀ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ ਕਿ ਜ਼ਮੀਨ ਨਜਾਇਜ਼ ਕਬਜ਼ਾ ਕਰਨ ਵਾਲਿਆਂ ਦੇ ਹੱਕ ਵਿੱਚ ਜਾਂ ਸਰਕਾਰ ਦੇ ਕਬਜ਼ੇ ਵਿੱਚ ਹੈ।

ਮਾਮਲਾ ਕਿਆ ਹੈ–ਚੰਡੀਗੜ੍ਹ ਅਤੇ ਆਸ ਪਾਸ ਸ਼ਹਿਰਾਂ ਦੇ ਪਿੰਡਾਂ ਵਿੱਚ ਪੁਲਿਸ ਅਤੇ ਸਿਵਲ ਅਧਿਕਾਰੀਆਂ ਅਤੇ ਸਿਆਸਤਦਾਨਾਂ ਦੀ ਨਜਾਇਜ਼ ਤੇ ਬੇਨਾਮੀ ਸੰਪਤੀ ਨੂੰ ਲੈ ਕੇ ਹਾਈ ਕੋਰਟ ਵਿੱਚ ਜਿਨਹਿਤ ਪਟੀਸ਼ਨ ਦਾਇਰ ਕੀਤੀ ਗਈ। ਸ੍ਰੀ ਹਾਈ ਕੋਰਟ ਨੇ ਚੰਡੀਗੜ੍ਹ ਅਤੇ ਨਵਾਂਗਾਂਵ, ਕੋਰਗ, ਕਾਸਲ ਤੇ ਪਿੰਡਾਂ ਅਤੇ ਜੀਰਕਪੁਰ ਵਿੱਚ ਪ੍ਰਸ਼ਾਸਨ ਦੇ ਵੱਡੇ ਅਧਿਕਾਰੀਆਂ ਅਤੇ ਸਿਆਸਤਦਾਨਾਂ ਦੀ ਜਾਇਦਾਦ ਦੀ ਪ੍ਰਸ਼ਾਸਨਕ ਨੂੰ ਬਿਓਰਾ ਦੇਣ ਲਈ ਕਿਹਾ ਸੀ। ਇਸ ਤੋਂ ਬਾਅਦ ਇਹ ਮਾਮਲਾ ਏ.ਡੀ.ਸੀ. ਨੂੰ ਪੂਰੀ ਜਾਂਚ ਪੜਤਾਲ ਕਰਕੇ ਰਿਪੋਰਟ ਹਾਈ ਕੋਰਟ ਨੂੰ ਦੇਣ ਲਈ ਕਿਹਾ ਸੀ।

# ਹਾਈ ਸਕਿਉਰਟੀ ਨੰਬਰ ਪਲੇਟਾਂ ਦਾ ਮਾਮਲਾ ਫੇਰ ਤੋਂ ਉਭਰਿਆ

ਚੰਡੀਗੜ੍ਹ, 30 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)–ਵਾਹਨਾ ਉੱਪਰ ਹਾਈ ਸਕਿਉਰਟੀ ਨੰਬਰ ਪਲੇਟਾਂ ਲਗਾਉਣ ਦਾ ਮਾਮਲਾ ਹੁਣ ਫੇਰ ਤਿੰਨ ਸਾਲ ਤੋਂ ਵੱਧ ਸਮੇਂ ਤੋਂ ਬਾਅਦ ਹੁਣ ਫਿਰ ਭਖ ਗਿਆ ਹੈ। ਦੱਸਿਆ ਗਿਆ ਹੈ ਕਿ ਉੱਚ ਸੁਰੱਖਿਆ ਪਲੇਟਾਂ ਵਾਹਨਾਂ 'ਤੇ ਲਗਾਉਣ ਦੇ ਲਈ ਮਾਨਯੋਗ ਸੁਪਰੀਮ ਕੋਰਟ ਨੇ ਆਦੇਸ਼ ਤਾਂ ਪਹਿਲੀ ਹੀ ਜਾਰੀ ਕੀਤੇ ਹੋਏ ਹਨ, ਲੇਕਿਨ ਇਸ ਸੰਦਰਭ ਵਿੱਚ ਸੁਪਰੀਮ ਕੋਰਟ ਨੇ ਨੋਟਿਸ ਪਰ ਰਾਜ ਸਰਕਾਰ ਨੇ ਦਿਸ਼ਾ ਨਿਰਦੇਸ਼ ਨਿਧਾਰਤ ਕਰਨ ਲਈ 31 ਮਈ 2010 ਦਾ ਸਮਾਂ ਮੰਗਿਆ ਸੀ। ਪਤਾ ਲੱਗਿਆ ਹੈ ਕਿ ਰਾਜ ਸਰਕਾਰ ਨੇ ਇਸ ਸੰਦਰਭ ਵਿੱਚ ਦਿਸ਼ਾ ਨਿਰਦੇਸ਼ ਨਿਰਧਾਰਤ ਕਰਨ ਲਈ ਇੱਕ ਕਮੇਟੀ ਦਾ ਗਠਨ ਕੀਤਾ ਹੈ, ਜਦੋਂ ਕਿ ਪੰਜਾਬ ਸਰਕਾਰ ਨੇ ਇਸ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਉਣ ਲਈ ਆਈ.ਜੀ. ਟ੍ਰੈਫਿਕ ਨੂੰ ਇੱਕ ਮੈਂਬਰੀ ਕਮੇਟੀ ਬਣਾ ਕੇ ਨਿਯੁਕਤ ਕੀਤਾ ਸੀ। ਸੂਤਰਾਂ ਦੇ ਅਨੁਸਾਰ ਇਸ ਤੋਂ ਪਹਿਲਾਂ ਉੱਚ ਸੁਰੱਖਿਆ ਪਲੇਟਾਂ ਵਿੱਚ ਇੱਕ ਅਜਿਹਾ ਸਿਕਿਉਰਟੀ ਫੀਚਰ ਜਾਨਸ ਜੋ ਸਿਰਫ ਇੱਕ ਵਿਦੇਸ਼ੀ ਕੰਪਨੀ ਹੀ ਲਗਾ ਸਕਦੀ ਸੀ, ਇਸ ਸੰਬੰਧ ਵਿੱਚ ਹੋਰ ਵੀ ਕੁਝ ਸੀ, ਜਿਸ ਤੋਂ ਲੱਗਦਾ ਸੀ ਕਿ ਸਰਕਾਰ ਦੀ ਇੱਥੇ ਇੱਕ ਵਿਦੇਸ਼ੀ ਕੰਪਨੀ ਨੂੰ ਇਹ ਸਾਰਾ ਕੰਮ ਦੇਣ ਲਈ ਕੀਤਾ ਸੀ। ਭਾਰਤੀ ਕੰਪਨੀਆਂ ਨੇ ਇਸ ਸੰਦਰਭ ਵਿੱਚ ਕਾਫੀ ਵਿਰੋਧ ਪ੍ਰਦਰਸ਼ਨ ਕੀਤਾ। ਸਿੱਟੇ ਵਜੋਂ ਇਹ ਹਾਈ ਸਕਿਉਰਟੀ ਪਲੇਟਾਂ ਦਾ ਕੰਮ ਲੰਬੇ ਸਮੇਂ ਤੋਂ ਲਟਕਦਾ ਆ ਰਿਹਾ ਹੈ। ਸੂਰਤਾਂ ਦੇ ਅਨੁਸਾਰ ਹੁਣ ਸਰਕਾਰ ਦੇ ਉੱਚ ਅਧਿਕਾਰੀਆਂ ਨੰਬਰ ਪਲੇਟਾਂ ਵੰਡ ਉਸ ਵਿਸ਼ੇਸ਼ ਸਿਕਿਉਰਟੀ ਫੀਚਰ ਨੂੰ ਹਟਾਇਆ ਹੈ, ਜਿਸ ਨੂੰ ਸਿਰਫ ਇੱਕ ਵਿਦੇਸ਼ੀ ਕੰਪਨੀ ਹੀ ਲਗਾ ਸਕਦੀ ਸੀ। ਇਸ ਨਾਲ ਇਸ ਕੰਮ ਵਿੱਚ ਇੰਡੀਅਨ ਕੰਪਨੀਆਂ ਦੇ ਸ਼ਾਮਲ ਹੋਣ ਦੀਆਂ ਸੰਭਾਵਨਾਵਾਂ ਵੱਧ ਗਈਆਂ ਹਨ। ਸੂਤਰਾਂ ਅਨੁਸਾਰ ਹੁਣ ਉੱਚ ਸੁਰੱਖਿਆ ਨੰਬਰ ਪਲੇਟਾਂ ਲਗਾਉਣ ਦੇ ਲਈ ਖੁਲ੍ਹੇ ਟੈਂਡਰ ਮੰਗੇ ਜਾਣ ਦੀ ਸੰਭਾਵਨਾ ਹੈ, ਜਿਸ ਵਿੱਚ ਇੰਡੀਅਨ ਕੰਪਨੀਆਂ ਕਾਫੀ ਉਤਸ਼ਾਹਤ ਹਨ। ਹੁਣ ਕਿਉਂਕਿ ਇਹ ਨੰਬਰ ਪਲੇਟਾਂ ਲਗਾਉਣ ਦੀਆਂ ਸ਼ਰਤਾਂ ਵੀ ਨਰਮ ਹੋਣ ਕਰਕੇ ਇਸ ਤਰ੍ਹਾਂ ਕਰ ਦਿੱਤੀ ਗਈ ਹੈ ਕਿ ਇੰਡੀਅਨ ਕੰਪਨੀਆਂ ਵੀ ਇਸ ਕੰਮ ਦੇ ਲਈ ਟੈਂਡਰ ਕਰ ਸਕਦੀਆਂ ਹਨ ਅਤੇ ਰਾਜ ਸਰਕਾਰਾਂ ਵੀ ਇਸ ਦੇ ਲਈ ਤਿਆਰ ਹੈ ਅਤੇ ਇਹ ਸਭ ਕੁਝ ਠੀਕ ਚੱਲਦਾ ਰਿਹਾ ਤਾਂ 31 ਮਈ 2010 ਦੇ ਬਾਅਦ ਉੱਚ ਸੁਰੱਖਿਆ ਪਲੇਟਾਂ ਲਗਾਉਣੀਆਂ ਸ਼ੁਰੂ ਹੋ ਜਾਣਗੀਆਂ।

# ਰਾਸ਼ਟਰਪਿਤਾ ਮਹਾਤਮਾ ਗਾਂਧੀ ਨੂੰ ਬਰਸੀ ਮੌਕੇ ਸ਼ਰਧਾਂਜਲੀਆਂ

ਨਵੀਂ ਦਿੱਲੀ, 30 ਜਨਵਰੀ (ਵਿਸ਼ਵ ਵਾਰਤਾ)–ਸਮੁੱਚੇ ਰਾਸ਼ਟਰ ਨੇ ਅੱਜ ਰਾਸ਼ਟਰਪਿਤਾ ਮਹਾਤਮਾ ਗਾਂਧੀ ਨੂੰ ਉਨ੍ਹਾਂ 62ਵੀਂ ਬਰਸੀ ਮੌਕੇ ਉਨ੍ਹਾਂ ਨੂੰ ਨਿੱਘੀਆਂ ਸ਼ਰਧਾਂਜਲੀਆਂ ਦਿੱਤੀਆਂ। ਸ਼ਹੀਦ ਦਿਵਸ ਦੇ ਰੂਪ ਵਿਚ ਮਨਾਈ ਜਾਣ ਵਾਲੀ ਮਹਾਤਮਾ ਗਾਂਧੀ ਦੀ ਬਰਸੀ ਦੇ ਮੌਕੇ 'ਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ, ਭਗਤੀ ਸੰਗੀਤ ਅਤੇ ਸਰਵ ਧਰਮ ਪ੍ਰਾਰਥਨਾ ਸਭਾਵਾਂ ਆਯੋਜਿਤ ਕੀਤੀਆਂ ਗਈਆਂ। ਉਨ੍ਹਾਂ ਦੀ ਸਮਾਧੀ ਰਾਜਘਾਟ 'ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ਅਤੇ ਉਥੇ ਸਰਵ ਧਰਮ ਪ੍ਰਾਰਥਨਾ ਸਭਾ ਆਯੋਜਿਤ ਕੀਤੀ ਗਈ। ਇਸ ਪ੍ਰਾਰਥਨਾ ਸਭਾ ਵਿਚ ਸਾਰੇ ਧਰਮਾਂ ਦੇ ਧਾਰਮਿਕ ਨੇਤਾਵਾਂ ਨੇ ਸ਼ਿਰਕਤ ਕੀਤੀ। ਬਾਪੂ ਗਾਂਧੀ ਦੀ ਸਮਾਧੀ ਰਾਜਘਾਟ ਵਿਖੇ ਸਵੇਰ ਤੋਂ ਹੀ ਵੱਡੀ ਗਿਣਤੀ ਵਿਚ ਲੋਕਾਂ ਨੇ ਆਉਣਾ ਸ਼ੁਰੂ ਕਰ ਦਿੱਤਾ ਸੀ। ਦਿੱਲੀ ਵਿਚ ਵੱਖ-ਵੱਖ ਵਿਦਿਅਕ ਸੰਸਥਾਵਾਂ ਵਿਚ ਮਹਾਤਮਾ ਗਾਂਧੀ ਦੀ ਬਰਸੀ 'ਤੇ ਵਿਸ਼ੇਸ਼ ਪ੍ਰੋਗਰਾਮ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।

# ਲੜਾਈ ਕਰਨ ਵਾਲੀਆਂ ਦੋਹਾਂ ਧਿਰਾਂ ਖਿਲਾਫ ਪਰਚਾ ਦਰਜ

ਆਨੰਦਪੁਰ ਸਾਹਿਬ, 30 ਜਨਵਰੀ (ਬਲਵਿੰਦਰ ਰੈਤ)–ਚੰਗਰ ਇਲਾਕੇ ਦੇ ਪਿੰਡ ਚੀਕਮਾ ਤੇ ਮੱਸੇਵਾਲ ਵਿਖੇ ਜਗੜਾ ਕਰਨ ਵਾਲੀਆਂ ਦੋਵੇ ਧਿਰਾਂ ਖਿਲਾਫ ਕੀਰਤਪੁਰ ਪੁਲਸ ਚੌਂਕੀ ਵਿਖੇ ਮਾਮਲਾ ਦਰਜ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਬੀਤੇ ਦਿਨ ਪਿੰਡ ਚੀਕਨਾ ਮੌੜ ਵਿਖੇ ਮੱਸੇਵਾਲ ਦੇ ਕੁਝ ਨੌਜਵਾਨਾਂ ਵੱਲੋਂ ਪਿੰਡ ਬਹਿਲੂ ਦੇ ਨੌਜਵਾਨਾਂ ਦੀ ਕੀਤੀ ਕੁੱਟਮਾਰ, ਜਿਸ ਦੇ ਜਵਾਬ ਵਿੱਚ ਪਿੰਡ ਬਹਿਲੂ ਦੇ ਨੌਜਵਾਨਾਂ ਨੇ ਆਪਣੇ ਸਾਥੀਆਂ ਸਮੇਤ ਪਿੰਡ ਦੇਗਣੀ ਦੇ ਸਰਪੰਚ ਦੇ ਘਰ 'ਚ ਦਾਖਲ ਹੋ ਕੇ ਮਾਰ ਕੁਟਾਈ ਤੇ ਭੰਨ ਤੋੜ ਕੀਤ। ਪੁਲਿਸ ਨੇਚੀਕਨਾਂ ਮੋੜ ਵਿਕੇ ਬਹਿਲੂ ਦੇ ਨੌਜਵਾਨ ਦੀ ਕੁਟਮਾਰ ਕਰਨ ਵਾਲੇ ਗੁਰਵੀਰ ਸਿੰਘ, ਹਰਦੀਪ ਸਿੰਘ ਗੋਲਡੀ, ਸੁਖਵਿੰਦ ਸਿੰਘ, ਮੇਵਾ ਸਿੰਘ, ਸੁਖਦੇਵ ਸਿੰਘ ਉਰਫ ਮਿੰਟੂ, ਜਗਤਾਰ ਸਿੰਘ, ਤਰਸੇਮ ਸਿੰਘ ਉਰਫ ਲਾਡੀ, ਗੁਰਚਰਨ ਸਿੰਘ ਵਾਸੀ ਚੀਕਨਾ ਖਿਲਾਫ ਮਾਮਲਾ ਦਰਜ ਕੀਤਾ ਹੈ, ਜਦਕਿ ਦੇਹਣੀ ਦੇ ਸਰਪੰਚ ਦੇ ਘਰ ਹਮਲਾ ਕਰਨ ਵਾਲੇ ਕਰਮਜੀਤ ਸਿੰਘ ਉਰਫ ਗੋਗੀ, ਰਾਜਿੰਦਰ ਕੁਮਾਰ ਉਰਫ ਜਿੰਦਾ, ਸੁਖਦੇਵ ਸਿੰਘ ਉਰਫ ਸੋਨੂੰ ਸਾਰੇ ਵਾਸੀ ਬਹਿਲੂ (ਹਿਮਾਚਲ ਪ੍ਰਦੇਸ਼), ਨੰਦ ਲਾਲ ਕਾਹੀਵਾਲ, ਬਲਜੀਤ ਸਿੰਘ ਉਰਫ ਬੌਬੀ ਵਾਸੀ ਉਪਰਲਾ ਦੋਲੋਵਾਲ, ਜਸਵੀਰ ਸਿੰਘ ਜੱਸੀ ਦੋ ਕਿ ਹਸਪਤਾਲ ਵਿੱਚ ਸੱਟ ਲੱਗਣ ਕਾਰਨ ਜੇਰੇ ਇਲਾਜ ਹੈ, ਤੋਂ ਇਲਾਵਾ ਤਿੰਨ ਅਣਪਛਾਤੇ ਨੌਜਵਾਨਾਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਖਬਰ ਲਿਖੇ ਜਾਣ ਤੱਕ ਚੀਕਨਾ ਮੋੜ ਵਿਖੇ ਕੁੱਟਮਾਰ ਕਰਨ ਵਾਲੇ ਸਾਰੇ ਕਥਿਤ ਅੱਠ ਦੋਸੀਆਂ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ ਸੀ, ਜਦੋਂ ਕਿ ਸਰਪੰਚ ਦੇ ਘਰ ਦਾਖਲ ਹੋ ਕੇ ਮਾਰ ਕੁਟਾਈ ਤੇ ਭੰਨ ਤੋੜ ਕਰਨ ਵਾਲਿਆਂ ਵਿੱਚੋਂ ਸਿਰਫ ਪੰਜ ਨੌਜਵਾਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਬਾਕੀਆਂ ਦੀ ਪੁਲਿਸ ਵੱਲੋ ਭਾਲ ਜਾਰੀ ਹੈ।

## ਸੜਕ ਹਾਦਸੇ ਵਿੱਚ ਸਾਈਕਲ ਸਵਾਰ ਔਰਤ ਦੀ ਮੌਤ, ਪਤੀ ਗੰਭੀਰ ਜ਼ਖਮੀ

ਨੂਰਪੁਰ ਬੇਦੀ, 30 ਜਨਵਰੀ (ਬਲਵਿੰਦਰ ਰੈਤ)– ਦੇਰ ਰਾਤ ਨੂਰਪੁਰ ਬੇਦੀ-ਬੁੰਗਾ ਸਾਹਿਬ ਮੇਨ ਰੋਡ 'ਤੇ ਸਥਿਤ ਬੱਸ ਅੱਡਾ ਬੜਵਾ ਵਿਖੇ ਮੋਟਰ ਸਾਈਕਲ ਤੇ ਸਾਈਕਲ ਵਿਚਕਾਰ ਹੋਈ ਜ਼ਬਰਦਸਤ ਟੱਕਰ ਵਿੱਚ ਸਾਈਕਲ ਸਵਾਰ ਔਰਤ ਦੀ ਮੌਤ ਹੋ ਜਾਣ ਤੇ ਸਾਈਕਲ ਚਾਲਕ ਉਸ ਦੇ ਪਤੀ ਦੇ ਗੰਭੀਰ ਜ਼ਖਮੀ ਹੋਣ ਦੀ ਖਬਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਝਿੰਜੜੀ ਦਾ ਸਰਪੰਚ ਸੀਤਲ ਸਿੰਘ ਪੁੱਤਰ ਕਿਸ਼ਨ ਚੰਦ ਆਪਣੀ ਪਤਨੀ ਮੇਜਰ ਕੌਰ ਨਾਲ ਸਾਈਕਲ 'ਤੇ ਸਵਾਰ ਹੋ ਕੇ ਆਪਣੇ ਘਰ ਆ ਰਹੇ ਸਨ, ਪਰ ਸ਼ਾਮ ਨੂੰ ਉਹ ਬੱਸ ਅੱਡਾ ਬੜਵਾ ਤੋਂ ਪਿੰਡ ਨੂੰ ਜਾਂਦੀ ਲਿੰਕ ਸੜਕ ਵੱਲ ਮੁੜਨ ਲੱਗੇ ਤਾਂ ਬੁੰਗਾ ਸਾਹਿਬ ਵੱਲੋਂ ਆ ਰਹੇ ਬਜਾਜ ਮੋਟਰ ਸਾਈਕਲ ਨਾਲ ਉਨ੍ਹਾਂ ਦੀ ਜ਼ਬਰਦਸਤ ਟੱਕਰ ਹੋ ਗਏ। ਸਾਈਕਲ ਸਵਾਰ ਔਰਤ ਮੇਜਰ ਕੌਰ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦ ਕਿ ਉਸ ਦਾ ਪਤੀ ਸੀਤਲ ਸਿੰਘ ਗੰਭੀਰ ਜ਼ਖਮੀ ਹੋ ਗਿਆ, ਜਿਸ ਨੂੰ ਸਰਕਾਰੀ ਹਸਪਤਾਲ ਸਿੰਘਪੁਰ ਦਾਖਲ ਕਰਵਾਇਆ ਗਿਆ ਹੈ । ਪੁਲਿਸ ਨੇ ਮੋਟਰ ਸਾਈਕਲ ਚਾਲਕ ਨਾਜਰ ਸਿੰਘ ਪੁੱਤਰ ਪ੍ਰੀਤੂ ਪਿੰਡ ਚੈਹੜ ਮਜਾਰਾ ਮਜਾਰਾ ਵਿਰੁੱਧ ਮਾਮਲਾ ਦਰਜ ਕਰਕੇ ਲਾਸ਼ ਨੂੰ ਪੋਸਟ ਮਾਰਟਮ ਲਈ ਭਾਈ ਜੈਤਾ ਜੀ ਸਿਵਲ ਹਸਪਤਾਲ ਆਂਨਦਪੁਰ ਸਾਹਿਬ ਵਿਖੇ ਭੇਜਿਆ ਗਿਆ।

## ਟਰੈਕਟਰ-ਕਾਰਾਂ ਦੇ ਹਾਦਸੇ ਦੌਰਾਨ ਦੋ ਜ਼ਖਮੀ

ਗੋਨਿਆਨਾ ਮੰਡੀ, 30 ਜਨਵਰੀ (ਸੱਤਪਾਲ ਬਾਂਸਲ)–ਸਥਾਨਿਕ ਬੱਸ ਸਟੈਂਡ ਦੇ ਨਜ਼ਦੀਕ ਪੈਟਰੋਲ ਪੰਪ ਪਾਸ ਬੀਤੀ ਰਾਤ ਨੂੰ 8.30 ਵਜੇ ਇੱਕ ਟਰੈਕਟਰ ਵਾਲੇ ਨੇ ਦੋ ਕਾਰਾਂ ਵਿੱਚ ਟੱਕਰ ਮਾਰੀ। ਜਾਣਕਾਰੀ ਸੂਤਰਾਂ ਤੋਂ ਪਤਾ ਲੱਗਿਆ ਕਿ ਟਰੈਕਟਰ ਚਾਲਕ ਦਾ ਨਸ਼ਾ ਕੀਤਾ ਹੋਇਆ ਸੀ। ਇਕ ਕਾਰ ਵਿੱਚ ਰਾਜਪਾਲ ਸਿੰਘ ਮੱਕੜ ਕਾਰਜ ਸਾਧਕ ਅਫਸਰ ਤੇ ਅਮੀਰ ਸਿੰਘ ਮੱਕੜ ਐੱਮ.ਸੀ. ਬਾਜਾਖਾਨਾ, ਵੱਲੋਂ ਆ ਰਹੇ ਸਨ ਤਾਂ ਅੱਗੇ ਤੋਂ ਆ ਰਹੇ ਟਰੈਕਟਰ ਵਾਲੇ ਨੇ ਕਾਰ ਵਿੱਚ ਟੱਕਰ ਮਾਰੀ। ਹਾਦਸਾ ਐਨਾ ਭੈੜਾ ਹੋਇਆ ਕਿ ਕਾਰ ਦਾ ਅਗਲਾ ਹਿੱਸਾ ਚਕਨਾਚੂਰ ਹੋ ਗਿਆ। ਇਸ ਮੌਕੇ ਤੇ ਲੋਕ ਇਕੱਠੇ ਹੋ ਗਏ ਤਾਂ ਇਨ੍ਹਾਂ ਦੋਨਾਂ ਨੂੰ ਜ਼ਖਮੀ ਹਾਲਤ ਵਿੱਚ ਬਹੁਤ ਔਖੇ ਹੋ ਕੇ ਬਾਹਰ ਕੱਢਿਆ ਗਿਆ। ਇਨ੍ਹਾਂ ਨੂੰ ਤੁਰੰਤ ਜੇਰੇ ਇਲਾਜ ਲਈ ਬਠਿੰਡਾ ਲਿਜਾਇਆ ਗਿਆ। ਟਰੈਕਟਰ ਚਾਲਕ ਆਪਣਾ ਟਰੈਕਟਰ ਲੈ ਕੇ ਭੱਜ ਗਿਆ। ਲੋਕਾਂ ਨੇ ਇਸ ਦਾ ਪਿੱਛਾ ਕਰਕੇ ਪਿੰਡ ਹਰਰਾਏ ਪੁਰ ਕੋਲੋਂ ਫੜ੍ਹ ਲਿਆ ਅਤੇ ਨੇਹੀਆਂ ਵਾਲੀ ਪੁਲਸ ਦੇ ਹਵਾਲੇ ਕਰ ਦਿੱਤਾ।

## ਕੀ ਪੁਰੇਵਾਲ ਦਾ ਕਥਿਤ ਨਾਨਕਸ਼ਾਹੀ...

ਸਫਾ 1 ਦੀ ਬਾਕੀ

ਤਰੀਕਾਂ ਕਿਹੜੇ ਇਤਿਹਾਸ ਦੇ ਗ੍ਰੰਥ ਵਿੱਚੋਂ ਲਈਆਂ ਗਈਆਂ। ਪੁਰੇਵਾਲ ਦੀ ਜੰਤਰੀ ਦੇ ਸਿੱਟੇ ਵੱਜੋਂ ਤਿੰਨ-ਤਿੰਨ ਗੁਰੂ ਸਾਹਿਬਾਨਾਂ ਦੇ ਚਾਰ ਗੁਰਪੁਰਬਾਂ ਦੀ ਅਰਦਾਸ ਇਕੋ ਦਿਨ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਕੀਤੀ ਜਾਣ ਲੱਗੀ। ਪੁਰੇਵਾਲ ਦੀ ਜੰਤਰੀ ਨੂੰ ਬਣਾਉਣ ਵਿੱਚ ਯੋਗਦਾਨ ਪਾਉਣ ਵਾਲੇ ਸਿੱਖ ਵਿਦਵਾਨਾਂ ਵਿੱਚੋਂ ਡਾਕਟਰ ਕ੍ਰਿਪਾਲ ਸਿੰਘ, ਡਾਕਟਰ ਬਲਵੰਤ ਸਿੰਘ, ਸ. ਸੁਰਜੀਤ ਸਿੰਘ ਗਾਂਧੀ ਅਤੇ ਡਾਕਟਰ ਖੜਕ ਸਿੰਘ ਨੇ ਨਾਨਕਸ਼ਾਹੀ ਕੈਲੰਡਰ ਦੇ ਜਾਰੀ ਹੋਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਇੱਕ ਕਿਤਾਬ History of the Sikhs & their Religion ਸਿੱਖ ਇਤਿਹਾਸ ਬਾਰੇ ਲਿਖੀ ਸੀ। ਇਸ ਕਿਤਾਬ ਵਿੱਚ ਵੀ ਇਨ੍ਹਾਂ ਵਿਦਵਾਨਾਂ ਨੇ ਪੁਰੇਵਾਲ ਦੀ ਜੰਤਰੀ ਤੋਂ ਉਲਟ ਉਹ ਤਰੀਕਾਂ ਲਿਖੀਆਂ ਹਨ, ਜੋ ਇਤਿਹਾਸਕ ਗ੍ਰੰਥਾਂ ਜਾਂ ਸਰੋਤਾਂ ਨਾਲ ਮੇਲ ਖਾਂਦੀਆਂ ਹਨ।

ਨਵੇਂ ਨਾਨਕਸ਼ਾਹੀ ਕੈਲੰਡਰ ਦੇ ਹਿਮਾਇਤੀਆਂ ਦਾ ਕਹਿਣਾ ਹੈ ਕਿ ਜਿਸ ਬਿਕਰਮੀ ਸੰਮਤ ਦਾ ਰੌਲਾ ਪਾ ਕੇ ਕੁੱਝ ਅਨਸਰ ਸਿੱਖ ਸੰਗਤਾਂ ਨੂੰ ਗੁੰਮਰਾਹ ਕਰ ਰਹੇ ਹਨ, ਉਨ੍ਹਾਂ ਕੋਲ ਇਸ ਗੱਲ ਦਾ ਕੋਈ ਜਵਾਬ ਨਹੀਂ ਹੈ ਕਿ ਗੁਰੂਆਂ ਦੀ ਬਾਣੀ ਵਿੱਚ ਬਿਕਰਮੀ ਸੰਮਤ ਦੇ ਹਵਾਲਿਆਂ ਬਾਰੇ ਓਨ੍ਹਾਂ ਦਾ ਕੀ ਕਹਿਣਾ ਹੈ। ਗੁਰਬਾਣੀ ਦਾ ਫਰਮਾਨ "ਆਵਨ ਅਠਤਰੈ ਜਾਨ ਸਤਾਨਵੈ ਹੋਰ ਭੀ ਉਠਸੀ ਮਰਦ ਕਾ ਚੇਲਾ" ਵਿੱਚ ਬਿਕਰਮੀ ਸੰਮਤ ਦਾ ਹਵਾਲਾ ਦਰਜ ਹੈ। ਇਸੇ ਤਰ੍ਹਾਂ ਗੁਰਬਾਣੀ ਵਿੱਚ ਅੰਕਿਤ ਬਾਰਹ ਮਾਹਾ 'ਚ ਬਿਕਰਮੀ ਸੰਮਤ ਦੇ ਮਹੀਨਿਆਂ ਦੇ ਨਾਂਅ ਹਨ। ਛੇਵੇਂ ਪਾਤਸ਼ਾਹ ਤੋਂ ਲੇ ਕੇ ਦਸਵੇਂ ਪਾਤਸ਼ਾਹ ਸ੍ਰੀ ਗੋਬਿੰਦ ਸਿੰਘ ਜੀ ਤੱਕ ਅਤੇ ਬਾਅਦ ਵਿੱਚ ਮਾਤਾ ਸੁੰਦਰ ਕੌਰ ਜੀ, ਮਾਤਾ ਸਾਹਿਬ ਦੇਵਾ ਕੌਰ ਜੀ ਵੱਲੋਂ ਸਮੇਂ-ਸਮੇਂ ਸਿੱਖ ਸੰਗਤਾ ਅਤੇ ਸਿੱਖਾਂ ਨੂੰ ਭੇਜੇ ਹੁਕਮਨਾਮਿਆਂ ਵਿੱਚ ਬਿਕਰਮੀ ਸੰਮਤ ਦੇ ਹਵਾਲੇ ਹਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ, ਸ੍ਰੀ ਗੋਇੰਦਵਾਲ ਸਾਹਿਬ ਦੇ ਮੁੱਖ ਦਰਵਾਜ਼ਿਆਂ 'ਤੇ ਬਿਕਰਮੀ ਸੰਮਤ ਦੇ ਉਕਰੇ ਹਵਾਲੇ ਹਨ।

## ਸਿੱਖ ਪੰਥ ਦੀ ਚੜ੍ਹਦੀ ਕਲਾ ਨੂੰ...

ਸਫਾ 1 ਦੀ ਬਾਕੀ

ਸੰਸਦੀ ਚੋਣਾਂ ਵਿੱਚ ਰਿਕਾਰਡ ਤੋੜ ਜਿੱਤਾਂ ਦਿਵਾਈਆਂ ਦੇ ਨਾਲ ਅਤੇ ਉਨ੍ਹਾਂ ਤੋਂ ਬਾਅਦ ਅਕਾਲੀ ਦਲ ਦੇ ਪ੍ਰਧਾਨ ਰਹੇ ਕੈਪਟਨ ਹਰਚਰਨ ਸਿੰਘ ਰੋਡੇ ਹੋਰਾਂ ਨਾਲ ਵੀ ਸਿੱਖ ਪੰਥ ਦੀ ਸੇਵਾ ਨਿਭਾਈ। ਪਿਛਲੇ ਕਾਫ਼ੀ ਸਮੇਂ ਤੋਂ ਸਰੀਰਕ ਤੌਰ 'ਤੇ ਤੰਦਰੁਸਤ ਨਾ ਹੋਣ ਕਰਕੇ ਭਾਵੇਂ ਭਾਈ ਫਤਿਹ ਸਿੰਘ ਰਾਉਕੇ ਸਰਗਰਮ ਪੰਥਕ ਸੇਵਾਵਾਂ ਨਿਭਾਉਣ ਤੋਂ ਅਸਮਰੱਥ ਸਨ ਫ਼ਿਰ ਵੀ ਜਦੋਂ ਵੀ ਕਦੇ ਪਿੰਡ ਰੋਡੇ ਵਿੱਚ ਸੰਤ ਭਿੰਡਰਾਂਵਾਲਿਆਂ ਦੇ ਪਰਿਵਾਰ ਵੱਲੋਂ ਕੋਈ ਵੀ ਧਾਰਮਿਕ ਸਮਾਗਮ ਕੀਤਾ ਜਾਂਦਾ ਸੀ ਉਸ ਵਿੱਚ ਆਪਣੀ ਹਾਜ਼ਰੀ ਲਗਾਉਣੀ ਕਦੇ ਵੀ ਨਹੀਂ ਸਨ ਭੁੱਲੇ। ਸਿੱਖ ਪੰਥ ਦੀ ਚੜ੍ਹਦੀ ਕਲਾ ਅਤੇ ਸਿੱਖੀ ਦੇ ਬੋਲ ਬਾਲੇ ਦੀ ਭਾਵਨਾ ਉਨ੍ਹਾਂ ਦੇ ਮਨ ਅੰਦਰ ਕੁਟ-ਕੁਟ ਕੇ ਭਰੀ ਹੋਈ ਸੀ। ਇਸ ਲਈ ਜਦੋਂ ਵੀ ਉਹ ਕਿਸੇ ਵੀ ਪੰਥਕ ਆਗੂ ਨੂੰ ਮਿਲਦੇ ਸਨ ਤਾਂ ਅਧਵਾਟੇ ਰਹਿ ਗਏ ਪੰਥਕ ਸੰਘਰਸ਼ ਦਾ ਜ਼ਿਕਰ ਕਰਦਿਆਂ ਆਪਣੇ ਮਨ ਦੀ ਭਾਵਨਾ ਉਹ ਜ਼ਰੂਰ ਪ੍ਰਗਟ ਕਰਿਆ ਕਰਦੇ ਹਨ। ਬਿਮਾਰੀ ਦੇ ਬਾਵਜੂਦ ਆਤਮਿਕ ਤੌਰ 'ਤੇ ਚੜ੍ਹਦੀ ਕਲ੍ਹਾਂ ਵਿੱਚ ਰਹੇ ਭਾਈ ਫ਼ਤਿਹ ਸਿੰਘ ਰਾਉਕੇ ਪਿਛਲੇ ਦਿਨੀਂ 22 ਜਨਵਰੀ ਨੂੰ ਅਕਾਲ ਚਲਾਣਾ ਕਰ ਗਏ ਸਨ। ਉਹ ਆਪਣੇ ਪਿੱਛੇ ਦੋ ਧੀਆਂ ਛੱਡ ਗਏ ਹਨ। ਉਨ੍ਹਾਂ ਦੀ ਪਤਨੀ ਕੁਝ ਸਮਾਂ ਪਹਿਲਾਂ ਚੱਲ ਵਸੀ ਸੀ। ਭਾਈ ਫਤਿਹ ਸਿੰਘ ਹੁਰੀਂ 6 ਭਰਾ ਹਨ। ਉਨ੍ਹਾਂ ਦੇ ਛੋਟੇ ਭਰਾ ਭਾਈ ਚੜ੍ਹਤ ਸਿੰਘ ਰਾਉਕੇ ਜੋ ਸਿੱਖ ਸੰਘਰਸ਼ ਵਿੱਚ ਸ਼ਹੀਦੀ ਪਾ ਗਏ ਸਨ, ਦੇ ਪੁੱਤਰ ਭਾਈ ਕੁਲਵੰਤ ਸਿੰਘ ਨੇ ਦੱਸਿਆ ਕਿ ਭਾਈ ਫਤਿਹ ਸਿੰਘ ਨਮਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਪਿੰਡ ਰਾਉਕੇ ਕਲਾਂ ਵਿਖੇ 31 ਜਨਵਰੀ 2010 ਦਿਨ ਐਤਵਾਰ ਨੂੰ ਦੁਪਹਿਰ 12.00 ਰੱਖੀ ਗਈ ਹੈ। ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ, ਕੈਪਟਨ ਹਰਚਰਨ ਸਿੰਘ ਰੋਡੇ, ਭਾਈ ਗੁਰਦੀਪ ਸਿੰਘ ਬਠਿੰਡਾ, ਭਾਈ ਦਰਸ਼ਨ ਸਿੰਘ ਮੰਡ ਅਤੇ ਹੋਰ ਕਈ ਪੰਥਕ ਸਖ਼ਸ਼ੀਅਤਾਂ ਨੇ ਭਾਈ ਫਤਿਹ ਸਿੰਘ ਦੇ ਅਕਾਲ ਚਲਾਣੇ 'ਤੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਇਹ ਸਖਸ਼ੀਅਤਾਂ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਵਿੱਚ ਵੀ ਸ਼ਾਮਲ ਹੋਣਗੀਆਂ। ਕੈਪਟਨ ਹਰਚਰਨ ਸਿੰਘ ਰੋਡੇ ਹੋਰਾਂ ਨੇ ਆਖਿਆ ਹੈ ਕਿ ਭਾਈ ਫਤਿਹ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੀ ਪੰਥ ਲਈ ਬਹੁਤ ਵੱਡੀ ਕੁਰਬਾਨੀ ਹੈ। ਉਨ੍ਹਾਂ ਮੁਤਾਬਿਕ ਭਾਈ ਫਤਿਹ ਸਿੰਘ ਆਪਣੇ ਫਰਜ਼ਾਂ ਪ੍ਰਤੀ ਹਮੇਸ਼ਾ ਪ੍ਰਤੀਬੱਧ ਰਹੇ।

# ...ਬੱਸ 1 ਮਿੰਟ

## ਭਾਰਤ ਅੱਤਵਾਦੀਆਂ ਦੇ ਨਿਸ਼ਾਨੇ 'ਤੇ-ਅਮਰੀਕਾ

### ਆਪਣੇ ਨਾਗਰਿਕਾਂ ਨੂੰ ਭਾਰਤ ਨਾ ਜਾਣ ਦੀ ਦਿੱਤੀ ਸਲਾਹ

ਵਾਸ਼ਿੰਗਟਨ, 30 ਜਨਵਰੀ (ਵਿਸ਼ਵ ਵਾਰਤਾ)-ਅਮਰੀਕਾ ਨੇ ਇਕ ਵਾਰ ਫਿਰ ਤੋਂ ਕਿਹਾ ਹੈ ਕਿ ਭਾਰਤ ਹੁਣ ਵੀ ਅੱਤਵਾਦ ਦੇ ਨਿਸ਼ਾਨੇ 'ਤੇ ਹੈ। ਜਿਸ ਦੇ ਮੱਦੇਨਜ਼ਰ ਉਸ ਨੇ ਆਪਣੇ ਨਾਗਰਿਕਾਂ ਨੂੰ ਭਾਰਤ ਯਾਤਰਾ ਨਾ ਕਰਨ ਦੀ ਸਲਾਹ ਦਿੱਤੀ ਹੈ। ਵਿਦੇਸ਼ ਵਿਭਾਗ ਵੱਲੋਂ ਜਾਰੀ ਕਿ ਐਡਵਾਈਜ਼ਰੀ ਵਿਚ ਨਾਗਰਿਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਆਉਣ ਵਾਲੇ ਮਹੀਨਿਆਂ ਵਿਚ ਭਾਰਤ ਦੀ ਯਾਤਰਾ ਨਾ ਕਰਨ। ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਮੰਤਰਾਲਾ ਭਾਰਤ ਵਿਚ ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਆਪਣੇ ਨਾਗਰਿਕਾਂ ਨੂੰ ਸੁਚੇਤ ਕਰਦਾ ਹੈ ਕਿ ਉਹ ਜੇਕਰ ਭਾਰਤ ਦੀ ਯਾਤਰਾ ਕਰਦੇ ਵੀ ਹਨ ਤਾਂ ਉਹ ਉਥੇ ਸੁਚੇਤ ਰਹਿਣ। ਮੰਤਰਾਲੇ ਦਾ ਕਹਿਣਾ ਹੈ ਕਿ ਅਮਰੀਕੀ ਸਰਕਾਰ ਨੂੰ ਲਗਾਤਾਰ ਇਹ ਸੂਚਨਾ ਮਿਲ ਰਹੀ ਹੈ ਕਿ ਅੱਤਵਾਦੀ ਸੰਗਠਨ ਭਾਰਤ ਵਿਚ ਹਮਲੇ ਦੀ ਸਾਜਿਸ਼ ਰਚ ਸਕਦੇ ਹਨ। ਇਸ ਐਡਵਾਈਜ਼ਰੀ ਵਿਚ ਕਿਹਾ ਗਿਆ ਹੈ ਕਿ ਅੱਤਵਾਦੀ ਅਤੇ ਉਸ ਦੇ ਸਮਰਥਕ ਉਨ੍ਹਾਂ ਥਾਵਾਂ ਉਤੇ ਹਮਲੇ ਕਰ ਸਕਦੇ ਹਨ ਜਿਥੇ ਅਮਰੀਕਾ ਅਤੇ ਪੱਛਮੀ ਦੇਸ਼ਾਂ ਦੇ ਲੋਕ ਜਾਂਦੇ ਹਨ। ਇਹ ਐਡਵਾਈਜ਼ਰੀ 29 ਦਸੰਬਰ ਨੂੰ ਖ਼ਤਮ ਹੋਈ ਸਲਾਹ ਦੇ ਸਥਾਨ 'ਤੇ ਜਾਰੀ ਕੀਤੀ ਗਈ ਹੈ ਅਤੇ ਇਹ 30 ਅਪ੍ਰੈਲ ਤੱਕ ਲਾਗੂ ਰਹੇਗੀ। ਮੰਤਰਾਲੇ ਨੇ ਕਿਹਾ ਕਿ ਅਮਰੀਕੀ ਨਾਗਰਿਕ ਸਥਾਨਕ ਅਖ਼ਬਾਰਾਂ 'ਤੇ ਧਿਆਨ ਰੱਖਣ ਅਤੇ ਜਨਤਕ ਥਾਵਾਂ 'ਤੇ ਜਾਣ ਤੋਂ ਪਹਿਲਾਂ ਚੌਕਸ ਰਹਿਣ।

## ਆਸਟ੍ਰੇਲੀਆ ਨੇ ਜਿੱਤਿਆ ਅੰਡਰ-19 ਵਿਸ਼ਵ ਕੱਪ

### ਪਾਕਿਸਤਾਨ ਨੂੰ 25 ਦੌੜਾਂ ਨਾਲ ਹਰਾਇਆ

ਜਲੰਧਰ 30 ਜਨਵਰੀ (ਕਮਲਜੀਤ ਥਾਬਲਕੇ)-ਆਸਟ੍ਰੇਲੀਆ ਦੀ ਸੀਨੀਅਰ ਕ੍ਰਿਕਟ ਟੀਮ ਦੀ ਜਿੱਥੇ ਵਨਡੇ ਮੈਚਾਂ ਵਿਚ ਸਰਦਾਰੀ ਕਾਇਮ ਹੈ ਉਥੇ ਉਸ ਦੀ ਅੰਡਰ-19 ਟੀਮ ਨੇ ਵੀ ਆਪਣੀ ਯੋਗਤਾ ਦਾ ਜ਼ੌਹਰ ਦਿਖਾਉਂਦਿਆਂ ਵਿਸ਼ਵ ਕੱਪ 'ਤੇ ਕਬਜ਼ਾ ਕਰ ਲਿਆ ਹੈ। ਅੱਜ ਇਥੇ ਖੇਡੇ ਗਏ ਫਾਈਨਲ ਮੁਕਾਬਲੇ ਵਿਚ ਉਸ ਨੇ ਪਾਕਿਸਤਾਨ ਨੂੰ 25 ਦੌੜਾਂ ਨਾਲ ਹਰਾ ਕੇ ਅੰਡਰ-19 ਵਿਸ਼ਵ ਕੱਪ ਦਾ ਖ਼ਿਤਾਬ ਆਪਣੇ ਨਾਮ ਕਰ ਲਿਆ। ਆਸਟ੍ਰੇਲੀਆ ਨੇ ਤੀਸਰੀ ਵਾਰ ਇਹ ਖਿਤਾਬ ਆਪਣੇ ਨਾਂਅ ਕੀਤਾ ਹੈ। ਇਸ ਤੋਂ ਪਹਿਲਾਂ ਪਾਕਿਸਤਾਨ ਨੇ ਟਾਸ ਜਿੱਤ ਕੇ ਆਸਟ੍ਰੇਲੀਆ ਨੂੰ ਪਹਿਲਾਂ ਬੱਲੇਬਾਜ਼ੀ ਲਈ ਸੱਦਿਆ। ਆਸਟ੍ਰੇਲੀਆ ਦੀ ਸ਼ੁਰੂਆਤ ਚੰਗੀ ਰਹੀ ਤੇ ਉਸ ਨੇ ਪਾਕਿਸਤਾਨ ਅੱਗੇ ਜਿੱਤ ਲਈ 208 ਦੌੜਾਂ ਦਾ ਟੀਚਾ ਰੱਖਿਆ। ਇਸ ਟੀਚੇ ਦਾ ਪਿੱਛਾ ਕਰਦਿਆਂ ਪਾਕਿਸਤਾਨੀ ਟੀਮ 46.4 ਓਵਰਾਂ ਵਿਚ ਕੇਵਲ 182 ਦੌੜਾਂ ਬਣਾ ਕੇ ਆਊਟ ਹੋ ਗਈ। ਹੇਜ਼ਲਵੁੱਡ ਨੇ ਸ਼ਾਨਦਾਰ ਗੇਂਦਬਾਜ਼ੀ ਕਰਦਿਆਂ 4 ਖਿਡਾਰੀਆਂ ਨੂੰ ਆਊਟ ਕੀਤਾ। ਇਸ ਤੋਂ ਇਲਾਵਾ ਡੋਗਨ ਨੇ 3 ਅਤੇ ਮੈਕਡਮੋਰਟ ਤੇ ਫਲੋਰੋਸ ਤੇ ਕੀਥ ਨੇ 1-1 ਖਿਡਾਰੀ ਨੂੰ ਆਊਟ ਕੀਤਾ। ਵਰਣਨਯੋਗ ਹੈ ਕਿ ਪਾਕਿਸਤਾਨ ਨੂੰ ਇਸ ਟੂਰਨਾਮੈਂਟ ਦੇ ਫਾਈਨਲ ਵਿਚ ਆਸਟ੍ਰੇਲੀਆ ਨੇ ਦੂਸਰੀ ਵਾਰੀ ਹਰਾਇਆ ਹੈ। 1988 ਵਿਚ ਵੀ ਦੋਵੇਂ ਟੀਮਾਂ ਫਾਈਨਲ ਵਿਚ ਪਹੁੰਚੀਆਂ ਸਨ। ਜਿਸ ਵਿਚ ਜਿੱਤ ਆਸਟ੍ਰੇਲੀਆ ਦੇ ਹੱਥ ਲੱਗੀ ਸੀ।

## ਮੁੰਬਈ ਹਮਲਾ : ਅਦਾਲਤ 'ਚ ਲਖਵੀ ਖਿਲਾਫ਼ ਸਬੂਤ ਪੇਸ਼

ਇਸਲਾਮਾਬਾਦ, 30 ਜਨਵਰੀ (ਵਿਸ਼ਵ ਵਾਰਤਾ)-ਮੁੰਬਈ ਹਮਲਿਆਂ ਵਿਚ ਪਾਕਿਸਤਾਨੀ ਅੱਤਵਾਦੀਆਂ ਦੇ ਸ਼ਾਮਿਲ ਹੋਣ ਦੇ ਕਬੂਲਨਾਮੇ ਤੋਂ ਬਾਅਦ ਪਾਕਿਸਤਾਨੀ ਸਰਕਾਰ ਨੇ ਅੱਜ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਲਸ਼ਕਰੇ ਤੋਇਬਾ ਦੇ ਕਮਾਂਡਰ ਜ਼ਕੀਰ ਉਰ ਰਹਿਮਾਨ ਲਖਵੀ ਅਤੇ ਛੇ ਹੋਰ ਅੱਤਵਾਦੀਆਂ ਖਿਲਾਫ਼ ਸਬੂਤ ਪੇਸ਼ ਕਰ ਦਿੱਤੇ ਹਨ। ਜਾਣਕਾਰੀ ਅਨੁਸਾਰ ਪਾਕਿਸਤਾਨ ਸਰਕਾਰ ਨੇ ਅੱਜ ਰਾਵਲਪਿੰਡੀ ਦੀ ਅੱਤਵਾਦ ਵਿਰੋਧੀ ਅਦਾਲਤ ਦੇ ਜੱਜ ਮਲਿਕ ਮੁਹੰਮਦ ਅਕਰਮ ਅਵਾਮ ਦੇ ਸਾਹਮਣੇ ਮੁੰਬਈ ਹਮਲਿਆਂ ਦੇ ਸਬੂਤ ਪੇਸ਼ ਕੀਤੇ ਗਏ। ਹਾਲਾਂਕਿ ਇਨ੍ਹਾਂ ਸਬੂਤਾਂ ਦੇ ਬਾਰੇ ਫਿਲਹਾਲ ਵਿਸਥਾਰ ਨਾਲ ਜਾਣਕਾਰੀ ਨਹੀਂ ਮਿਲ ਸਕੀ ਹੈ। ਅੱਤਵਾਦੀਆਂ ਦੇ ਵਕੀਲ ਸ਼ਾਹਬਾਜ ਰਾਜਪੂਤ ਨੇ ਦੱਸਿਆ ਕਿ ਸਬੂਤ ਪੇਸ਼ ਕੀਤੇ ਜਾਣ ਤੋਂ ਬਾਅਦ ਅਦਾਲਤ ਨੇ ਮਾਮਲੇ ਦੀ ਸੁਣਵਾਈ 13 ਫਰਵਰੀ ਤੱਕ ਲਈ ਟਾਲ ਦਿੱਤੀ ਹੈ। ਜ਼ਿਕਰਯੋਗ ਹੈ ਕਿ ਰਾਵਲਪਿੰਡੀ ਦੇ ਆਦਿਆਲਾ ਜੇਲ੍ਹ ਵਿਚ ਅੱਤਵਾਦ ਵਿਰੋਧੀ ਅਦਾਲਤ ਵਿਚ ਸਖ਼ਤ ਸੁਰੱਖਿਆ ਵਿਚਾਲੇ ਮੁੰਬਈ ਹਮਲਿਆਂ ਦੀ ਸੁਣਵਾਈ ਕਰਵਾਈ ਜਾ ਰਹੀ ਹੈ। ਪਾਕਿਸਤਾਨੀ ਅੱਤਵਾਦੀ ਲਖਵੀ ਸਮੇਤ ਸੱਤ ਅੱਤਵਾਦੀਆਂ 'ਤੇ ਮੁੰਬਈ ਹਮਲਿਆਂ ਦਾ ਦੋਸ਼ ਲਗਾਇਆ ਗਿਆ ਹੈ।

## ਫੁੱਟਬਾਲ ਟਰਾਇਲ ਅੱਜ

ਬੰਗਾ, 30 ਜਨਵਰੀ (ਰਾਜ ਮਜਾਰੀ)-62ਵੀਂ ਪੰਜਾਬ ਸਟੇਟ ਸੀਨੀਅਰ ਫੁੱਟਬਾਲ ਚੈਂਪੀਅਨਸ਼ਿਪ ਜੋ ਕਿ 10 ਫਰਵਰੀ ਤੋਂ 15 ਫਰਵਰੀ ਤੱਕ ਪਟਿਆਲਾ ਦੀ ਪੋਲੋ ਗਰਾਊਂਡ ਵਿੱਚ ਹੋ ਰਹੀ ਹੈ। ਉਸ ਵਿੱਚ ਭਾਗ ਲੈਣ ਵਾਲੀ ਜ਼ਿਲ੍ਹਾ ਨਵਾਂ ਸ਼ਹਿਰ ਦੇ ਖਿਡਾਰੀਆਂ ਦੇ ਟਰਾਇਲ 31 ਜਨਵਰੀ ਦਿਨ ਐਤਵਾਰ ਸਿੱਖ ਨੈਸ਼ਨਲ ਕਾਲਜ ਚਰਨ ਕੰਵਲ ਬੰਗਾ ਦੀ ਗਰਾਊਂਡ ਵਿੱਚ ਠੀਕ 10 ਵਜੇ ਲਏ ਜਾਣਗੇ। ਜੋ ਖਿਡਾਰੀ ਇਸ ਵਿੱਚ ਭਾਗ ਲੈਣਾ ਚਾਹੁੰਦੇ ਹਨ, ਉਹ ਠੀਕ ਸਮੇਂ ਸਿਰ ਪਹੁੰਚ ਕੇ ਟਰਾਇਲ ਦੇ ਸਕਦੇ ਹਨ। ਇਹ ਸੂਚਨਾ ਜਰਨੈਲ ਸਿੰਘ ਪਲੀ ਝਿੱਕੀ ਜ਼ਿਲ੍ਹਾ ਪ੍ਰਧਾਨ ਫੁੱਟਬਾਲ ਐਸੋਸੀਏਸ਼ਨ ਨਵਾਂ ਸ਼ਹਿਰ ਦੁਆਰਾ ਦਿੱਤੀ ਗਈ।

## ਆਈ.ਪੀ.ਐਲ. ਮਾਮਲੇ ਲਈ ਮੋਦੀ ਜ਼ਿੰਮੇਵਾਰ-ਪਾਕਿ ਕ੍ਰਿਕਟ ਬੋਰਡ

ਨਵੀਂ ਦਿੱਲੀ, 30 ਜਨਵਰੀ (ਵਿਸ਼ਵ ਵਾਰਤਾ)-ਪਾਕਿਸਤਾਨ ਕ੍ਰਿਕਟ ਬੋਰਡ ਦੇ ਚੇਅਰਮੈਨ ਇਜਾਜ ਬੱਟ ਨੇ ਅੱਜ ਆਈ.ਪੀ.ਐਲ. ਮਾਮਲੇ ਸਬੰਧੀ ਲਲਿਤ ਮੋਦੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਇਕ ਬਿਆਨ ਵਿਚ ਕਿਹਾ ਕਿ ਆਈ.ਪੀ.ਐਲ. ਵਿਚ ਪਾਕਿਸਤਾਨੀ ਕ੍ਰਿਕਟਰਾਂ ਨੂੰ ਨਜ਼ਰ ਅੰਦਾਜ਼ ਕਰਨ ਦੇ ਪਿੱਛੇ ਕੇਵਲ ਆਈ.ਪੀ.ਐਲ. ਕਮਿਸ਼ਨਰ ਲਲਿਤ ਮੋਦੀ ਹੀ ਜ਼ਿੰਮੇਵਾਰ ਹੈ। ਉਨਾਂ ਕਿਹਾ ਕਿ ਆਈ.ਪੀ.ਐਲ. ਨਾਲ ਪਾਕਿਸਤਾਨੀ ਕ੍ਰਿਕਟਰਾਂ ਨੂੰ ਬਾਹਰ ਰੱਖਣ ਦੇ ਫੈਸਲੇ ਨਾਲ ਭਾਰਤ-ਪਾਕਿ ਦੇ ਕ੍ਰਿਕਟ ਸਬੰਧਾਂ 'ਤੇ ਕੋਈ ਖਾਸ ਫਰਕ ਨਹੀਂ ਪਵੇਗਾ। ਇਹ ਆਈ.ਪੀ.ਐਲ. ਅਤੇ ਸਾਡੇ ਵਿਚਾਲੇ ਦਾ ਮਾਮਲਾ ਹੈ। ਉਨ੍ਹਾਂ ਨੇ ਗਲਤੀ ਕੀਤੀ ਹੈ। ਇਹ ਗਲਤੀ ਜਾਣਬੁੱਝ ਕੇ ਹੋਈ ਹੈ ਜਾਂ ਨਹੀਂ, ਇਹ ਅਸੀਂ ਨਹੀਂ ਜਾਣਦੇ। ਪਰ ਮੇਰਾ ਸਪਸ਼ਟ ਮੰਨਣਾ ਹੈ ਕਿ ਉਨ੍ਹਾਂ ਨੇ ਸਾਡੇ ਖਿਡਾਰੀਆਂ ਨੂੰ ਨਜ਼ਰਅੰਦਾਜ਼ ਕਰਕੇ ਭੁੱਲ ਕੀਤੀ ਹੈ। ਇਜਾਜ ਬੱਟ ਨੇ ਕਿਹਾ ਕਿ ਆਈ.ਪੀ.ਐਲ. ਵੱਲੋਂ ਪਾਕਿਸਤਾਨੀ ਖਿਡਾਰੀਆਂ ਦੇ ਖਿਲਾਫ਼ ਲਗਾਤਾਰ ਬਿਆਨ ਦਿੱਤੇ ਜਾ ਰਹੇ ਹਨ, ਜਦੋਂ ਕਿ ਪਾਕਿਸਤਾਨ ਅਤੇ ਭਾਰਤ ਦੇ ਕਈ ਲੋਕ ਵੀ ਇਸ ਤੋਂ ਸਹਿਮਤ ਨਹੀਂ ਹਨ।

## ਕਿਸਾਨ ਦੀ ਜ਼ਮੀਨ ਦੀ ਕੁਰਕੀ ਰੋਕੀ

ਗੋਨਿਆਣਾ ਮੰਡੀ, 30 ਜਨਵਰੀ (ਸੱਤਪਾਲ ਬਾਂਸਲ)-ਇੱਥੋਂ ਥੋੜ੍ਹੀ ਦੂਰੀ 'ਤੇ ਸਥਿਤ ਕੋਠੇ ਨੱਥਾ ਸਿੰਘ ਵਾਲੇ ਦੇ ਕਿਸਾਨ ਬੰਤਾ ਸਿੰਘ ਪੁੱਤਰ ਗੁਰਬਚਨ ਸਿੰਘ ਨੇ ਗੋਨਿਆਨਾ ਦੀ ਇਸ ਫਰਮ ਤੋਂ ਲੱਗਭੱਗ 2 ਲੱਖ ਰੁਪਏ ਲਏ ਸਨ। ਜਾਣਕਾਰੀ ਅਨੁਸਾਰ ਇਸ ਰਕਮ 'ਤੇ ਵਿਆਜ ਲੱਗ ਕੇ ਰਕਮ 20 ਲੱਖ ਰੁਪਏ ਤੋਂ ਉਪਰ ਹੋ ਗਈ। ਉਕਤ ਆੜ੍ਹਤੀ ਵੱਲੋਂ ਕਿਸਾਨ ਯੂਨੀਅਨ ਦੀ ਕੁਰਕੀ ਕਰਵਾਉਣੀ ਸੀ। ਮੌਕੇ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਪ੍ਰਧਾਨ ਅਮਰੀਕ ਸਿੰਘ, ਗੁਰਜੰਟ ਸਿੰਘ ਬੁਰਜ ਮਹਿਮਾ, ਬਲਵੰਤ ਸਿੰਘ ਬਹਿਮਣ, ਦੀਵਾਨਾ, ਬਾਬੂ ਸਿੰਘ, ਮਹਿਮਾ ਭਗਵਾਨਾ, ਤੇਜਾ ਸਿੰਘ, ਮੱਖਣ ਸਿੰਘ, ਦਰਸ਼ਨ ਸਿੰਘ ਪਹੁੰਚ ਗਏ, ਪਰ ਕੋਈ ਵੀ ਕੁਰਕੀ ਕਰਨ ਨਾ ਆਇਆ, ਜਿਸ ਕਰਕੇ ਕਿਸਾਨ ਦੀ ਜ਼ਮੀਨ ਕੁਰਕ ਹੋਣ ਤੋਂ ਬਚ ਗਈ।

## ਗੁਰਦੁਆਰਾ ਸਲਵਾਣਾ ਵਿਖੇ ਪ੍ਰਕਾਸ਼ ਉਤਸਵ ਅੱਜ

ਬੰਗਾ, 30 ਜਨਵਰੀ (ਰਾਜ ਮਜਾਰੀ)-ਪਿੰਡ ਮਾਲੋਮਾਜਰਾ ਦੇ ਗੁਰਦੁਆਰਾ ਸਲਵਾਣਾ ਸਾਹਿਬ ਵਿਖੇ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਜਥੇਬੰਦੀ ਵੱਲੋਂ ਜਥੇਦਾਰ ਬਾਬਾ ਨਿਹਾਲ ਸਿੰਘ ਦੀ ਰਹਿਨੁਮਾਈ ਹੇਠ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਸੰਬੰਧੀ ਸਮਾਗਮ 31 ਜਨਵਰੀ ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਗੁਰਦੁਆਰਾ ਸਾਹਿਬ ਦੇ ਸੇਵਾਦਾਰ ਬਾਬਾ ਨੌਰੰਗ ਨੇ ਦਸਿਆ ਕਿ 31 ਜਨਵਰੀ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਸਤ ਬਾਬਾ ਸੁੱਚਾ ਸਿੰਘ ਨੈਕੀਵਾਲੇ ਤੇ ਰਾਗੀ ਦਰਬਾਰ ਕੀਰਤਨ ਵਿਦਿਆਲਾ ਅਟਾਰੀ ਦੇ ਬੱਚੇ ਗਿਆਨੀ ਜੋਗਾ ਸਿੰਘ ਜੋਗੀ ਕਵੀਸ਼ਰ, ਗਿਆਨੀ ਨਿਰਮਲ ਸਿੰਘ ਨੂਰ ਅਤੇ ਡਾ. ਹਰਿਮੰਦਰ ਸਿੰਘ ਖਹਿਰਾ ਦੇ ਡਾਢੀ ਜਥੇ ਆਪਣੀਆਂ ਹਾਜ਼ਰੀਆਂ ਭਰਨਗੇ।